



# ਲਫ਼ਜ਼ਾਂ ਦੇ ਜੁਗਨੂੰ

(ਨਿਊਯਾਰਕ ਦੇ ਗੀਤਕਾਰ)

## ਲੇਖਕ ਦੀਆਂ ਹੋਰ ਰਚਨਾਵਾਂ

ਤਿੰਨ ਚਿਹਰਿਆਂ ਵਾਲ਼ਾ ਰੱਕਾਸ (ਉਰਦੂ ਤੋਂ ਅਨੁਵਾਦ ਕਵਿਤਾ-2001)
ਖੰਡਰ, ਖ਼ਾਮੋਸ਼ੀ ਤੇ ਰਾਤ (ਗ਼ਜ਼ਲ ਸੰਗ੍ਰਹਿ-2002)
ਬਹਾਦਰ ਬਾਂਦਰ ਦੇ ਕਾਰਨਾਮੇ (ਬਾਲ ਨਾਵਲੈੱਟ)
ਜਾਸੂਸ ਲੂੰਬੜੀ (ਬਾਲ ਜਾਸੂਸੀ ਕਹਾਣੀਆਂ)



# ਲਫ਼ਜ਼ਾਂ ਦੇ ਜੁਗਨੂੰ

(ਨਿਊਯਾਰਕ ਦੇ ਗੀਤਕਾਰ)

ਸੰਪਾਦਕ: ਸੁਰਿੰਦਰ ਸੋਹਲ

ਪੰਜਾਬੀ ਸਾਹਿਤ ਵਿਚਾਰ ਮੰਚ, ਨਿਊਯਾਰਕ

# LAFZAN DE JUGNU
(LYRICIST OF NEW YORK)

Edit by: Surinder Sohal
(718-424-9097)
Email: surindersohal@hotmail.com
Website: www.surindersohal.com

ਪਹਿਲੀ ਵਾਰ : 2004

ਸਭ ਹੱਕ ਰਾਖਵੇਂ ਹਨ।

ਸਰਵਰਕ : ਸੁਰਿੰਦਰ ਸੋਹਲ

ਸ਼ਬਦ-ਜੜਤ : ਸੁਰਿੰਦਰ ਸੋਹਲ



## ਵਿਸ਼ੇਸ਼ ਧੰਨਵਾਦ

ਵਰਿੰਦਰ ਸੋਨੀ ਦਾ ਜਿਸ ਦੇ
ਸਹਿਯੋਗ ਤੋਂ ਬਿਨਾਂ ਸ਼ਾਇਦ
ਇਹ ਕਾਰਜ ਸਿਰੇ ਨਾ
ਚੜ੍ਹਦਾ!

ਸਮੂਹ ਗੀਤਕਾਰਾਂ ਦਾ ਜਿਹਨਾਂ
ਨੇ ਆਪਣੇ ਗੀਤ ਇਸ ਕਾਰਜ
ਵਿਚ ਵਰਤਣ ਲਈ
ਆਗਿਆ ਦਿੱਤੀ।

# ਤਤਕਰਾ


| ਲੇਖਕ | ਪੰਨਾ |
|---|---|
| 1. ਹਰਬਖ਼ਸ਼ ਟਾਹਲੀ | 09 |
| 2. ਜਰਨੈਲ ਭੁੱਲਰ | 17 |
| 3. ਮਲਕੀਤ ਮੀਤ ਮਹਿੰਦਪੁਰੀ | 25 |
| 4. ਬਲਵਿੰਦਰ ਭੌਰਾ | 33 |
| 5. ਬਿੱਲਾ ਜੰਡਿਆਲੇ ਵਾਲਾ | 41 |
| 6. ਇੰਦਰਜੀਤ ਪੁਰੇਵਾਲ | 49 |
| 7. ਦੀਪ ਮੰਗਲੀ | 57 |
| 8. ਰੋਮੀ ਬੈਂਸ | 65 |
| 9. ਤਜਿੰਦਰ ਨੰਗਲ | 73 |
| 10. ਨਿਰਮਲ ਨਿੰਮਾ | 81 |
| 11. ਜਿੰਦਰ ਰਾਏਪੁਰੀ | 89 |




# *ਇਕ ਸਫ਼ਰ ਦੀ ਕਹਾਣੀ*

ਮੁਸਾਫ਼ਿਰ ਜਾ ਰਿਹਾ ਸੀ। ਹਨੇਰਾ ਉੱਤਰ ਆਇਆ। ਰਾਤ ਮੱਸਿਆ ਦੀ ਸੀ। ਤਾਰੇ ਚਮਕ ਰਹੇ ਸਨ। ਮੁਸਾਫ਼ਿਰ ਨੂੰ ਹੌਸਲਾ ਸੀ। ਬੱਦਲ ਚੜ੍ਹਿਆ। ਤਾਰੇ ਉਸਦੀ ਗ੍ਰਿਫ਼ਤ ਵਿਚ ਆ ਗਏ। ਮੁਸਾਫ਼ਿਰ ਜ਼ਰਾ ਘਬਰਾਇਆ। ਉਸਨੇ ਨਾ ਦੀਵਾ ਜਗਾ ਲਿਆ। ਤੇਜ਼ ਹਵਾ ਵਗਣ ਲਗੀ। ਦੀਵਾ ਬੁਝ ਗਿਆ। ਕਾਲ਼ੀ ਰਾਤ ਵਿਚ ਇਕੱਲਾ ਮੁਸਾਫ਼ਿਰ ਅਗਾਂਹ ਪੈਰ ਰੱਖਣ ਤੋਂ ਸੰਕੋਚ ਕਰ ਰਿਹਾ ਸੀ।

'ਕਿਉਂ ਨਾ ਕਿਸੇ ਦਰਖ਼ਤ ਮੁੱਢ ਬੈਠ ਕੇ ਸਵੇਰ ਦੀ ਇੰਤਜ਼ਾਰ ਕਰ ਲਵਾਂ।' ਮੁਸਾਫਿਰ ਨੇ ਸੋਚਿਆ।

ਪਰ ਉਸਨੇ ਰੁਕਣਾ ਤਾਂ ਸਿਖਿਆ ਹੀ ਨਹੀਂ ਸੀ। ਪਰ ਏਨੀ ਗੂੜ੍ਹੀ, ਸੰਘਣੀ ਰਾਤ ਵਿਚ ਤੁਰਨਾ ਵੀ ਸਹਿਲ ਨਹੀਂ ਸੀ।

ਅਚਾਨਕ ਗੂੜ੍ਹੀ ਕਾਲੀ ਰਾਤ ਦੀ ਚਾਦਰ ਨੂੰ ਚੀਰਦਾ ਜੁਗਨੂੰ ਚਮਕਿਆ। ਮੁਸਾਫ਼ਿਰ ਦੀਆਂ ਅੱਖਾਂ ਵਿਚ ਚਮਕ ਆ ਗਈ। ਆਪਣੀ ਵਿੱਤ ਮੁਤਾਬਿਕ ਜੁਗਨੂੰ ਹਨੇਰੇ ਨਾਲ ਲੜ ਰਿਹਾ ਸੀ।

ਮੁਸਾਫ਼ਿਰ ਦੇ ਦਿਲ ਵਿਚ ਹਿੰਮਤ ਦੀ ਨਵੀਂ ਲੋਅ ਭਰ ਗਈ। ਉਸ ਦੇ ਪੈਰਾਂ ਵਿਚ ਫਿਰ ਹਰਕਤ ਆ ਗਈ।

ਘਰੋਂ ਜਦ ਪੈਰ ਪੁੱਟਿਆ ਤਾਂ ਪਰਵਾਸ ਦੀ ਮੱਸਿਆ ਛਾ ਗਈ। ਸੁਨਹਿਰੀ ਸੁਪਨਿਆਂ ਦੇ ਤਾਰਿਆਂ ਨੂੰ ਬੇਗਾਨਗੀ ਦੇ ਬੱਦਲਾਂ ਨੇ ਢੱਕ ਲਿਆ। ਸਧਰਾਂ ਦੇ ਦੀਵੇ ਨੂੰ ਅਜਨਬੀ ਹਵਾਵਾਂ ਨੇ ਬੁਝਾ ਦਿੱਤਾ। ਉਦਾਸੀਆਂ ਦੇ ਸੰਘਣੇ ਹਨੇਰੇ ਵਿਚ ਕਿੱਧਰ ਜਾਇਆ ਜਾਵੇ?

ਸ਼ਾਇਰ ਨੇ ਆਪਣਾ ਦਿਲ ਬਾਲ ਲਿਆ। ਲਫ਼ਜ਼ਾਂ ਦੇ ਜੁਗਨੂੰ ਪੈਦਾ ਹੋ ਗਏ।

ਲਫ਼ਜ਼ਾਂ ਦੇ ਜੁਗਨੂੰਆਂ ਦੇ ਸਾਹਮਣੇ ਨਾ ਪਰਵਾਸ ਦੀ ਮੱਸਿਆ ਰਹੀ, ਨਾ ਬੇਗਾਨਗੀ ਦੇ ਬੱਦਲ ਰਹੇ ਤੇ ਨਾ ਅਜਨਬੀ ਹਵਾਵਾਂ। ਸਭ ਕੁਝ ਦਿਲੀ ਸਾਂਝ, ਆਪਣੇਪਨ ਦੀ ਭਾਵਨਾ ਤੇ ਸੱਜਰੀ ਸਵੇਰ ਵਿਚ ਬਦਲ ਗਿਆ।

ਲਫ਼ਜ਼ਾਂ ਦੇ ਜੁਗਨੂੰ ਪੈਦਾ ਕਰਨ ਲਈ ਦਿਲ ਜਲਾਉਣ ਵਾਲੇ ਸ਼ਾਇਰਾਂ ਨੂੰ ਸਲਾਮ!

ਸੁਰਿੰਦਰ ਸੋਹਲ
21 ਦਸੰਬਰ 2003

## ਸਮਰਪਣ

ਗ਼ੁਰਬਤ ਦੇ ਖੂਹ ਵਿਚ
ਡੁੱਬ ਕੇ ਵੀ
ਪੰਜਾਬੀ ਭਾਸ਼ਾ ਦੇ ਅੰਬਰ ’ਤੇ
ਸਦੀਵੀ ਲਾਲੀ
ਬਣ ਕੇ ਫੈਲੇ
ਗੀਤਕਾਰ ਨੂੰ



# ਹਰਬਖ਼ਸ਼ ਟਾਹਲੀ



ਪਿਤਾ: ਸ. ਗਿਰਧਾਰਾ ਸਿੰਘ
ਮਾਤਾ: ਸ੍ਰੀਮਤੀ ਹਰਬੰਸ ਕੌਰ
ਜਨਮ ਸਥਾਨ: ਟਾਹਲੀ (ਜ਼ਿਲ੍ਹਾ ਹੁਸ਼ਿਆਰਪੁਰ)
ਜਨਮ ਤਰੀਕ: 2 ਅਗਸਤ 1947
ਮੁਢਲੀ ਵਿਦਿਆ: ਗੌਰਮਿੰਟ ਹਾਇਰ ਸੈਕੰਡਰੀ ਸਕੂਲ ਟਾਂਡਾ
ਸਿਰਨਾਵਾਂ: 94-37, 113 Street Richmond Hill NY-11419
ਫੋਨ ਨੰਬਰ: (917) 226-5784

*ਲਿਖਦਿਆਂ ਉਮਰ ਹੋ ਗਈ ਹੈ। ‘ਚੰਨਾ ਤੇਰੇ ਤਾਰੇ ਕੋਲ ਹੋਣਗੇ’ ਗੀਤ ਸਫਲਤਾ ਦੇ ਹੱਦਾਂ ਬੰਨੇ ਤੋੜ ਗਿਆ। ਮਨ ਦੀ ਤ੍ਰਿਪਤੀ ਲਈ ਲਿਖਦੇ ਹਨ। ‘ਮੈਂ ਤੇ ਮੇਰੇ ਗੀਤ’ ਗੀਤ ਸੰਗ੍ਰਹਿ ਤੋਂ ਇਲਾਵਾ ‘ਚੰਨ ਬਦਲਾਂ ਦੇ ਓਹਲੇ’, ਆਕਾਸ਼ ਦਾ ਰਾਹੀ’, ‘ਰੌਸ਼ਨੀ’, ‘ਅਗਨ ਵਰੇਸੀ’ (ਨਾਵਲ), ਅੰਦਰਲੀ ਗੱਲ (ਕਹਾਣੀ ਸੰਗ੍ਰਹਿ), ‘ਰਿਸਦੇ ਜ਼ਖ਼ਮ (ਕਵਿਤਾ), ‘ਭਟਕੇ ਖ਼ਤ (ਚਿੱਠੀਆਂ) ਪੁਸਤਕਾਂ ਦੀ ਰਚਨਾ ਕੀਤੀ।*

*ਚੜਦੀ ਉਮਰੇ ਇਕ ਨਾਂਗਾ ਫਕੀਰ ਮਿਲਿਆ ਤੇ ਫੁੱਲਾਂ ਦੀ ਤਰੇਲ ਵਰਗੇ ਅਣਛੋਹੇ ਹੁਸਨ ਦਾ ਦੀਦਾਰ ਹੋਇਆ। ਇਸੇ ਕਰਕੇ ਹਰਬਖ਼ਸ਼ ਟਾਹਲੀ ਦੇ ਗੀਤਾਂ ਵਿਚ ਇਸ਼ਕ ਹਕੀਕੀ ਤੇ ਇਸ਼ਕ ਮਿਜਾਜ਼ੀ ਦਾ ਸੁਮੇਲ ਪ੍ਰਤਖ ਨਜ਼ਰ ਆਉਂਦਾ ਹੈ।*



ਚੰਨਾ ਤੇਰੇ ਤਾਰੇ ਕੋਲ ਹੋਣਗੇ
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ
ਹੋਰ ਵੀ ਸਹਾਰੇ ਕੋਲ ਹੋਣਗੇ
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ

ਜੰਞ ਤੇਰੀ ਚੜ੍ਹੀ ਜਿਵੇਂ
ਚੜ੍ਹੀ ਕੋਈ ਹਨੇਰੀ ਵੇ
ਹੂੰਝ ਹਾਂਝ ਲੈ ਗਈ ਉਹ
ਬਗ਼ੀਚੜੀ ਜਿਹੀ ਮੇਰੀ ਵੇ
ਤੇਰੇ ਤੇ ਨਜ਼ਾਰੇ ਕੋਲ ਹੋਣਗੇ
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ

ਕੱਚੇ ਰੁੱਖਾਂ ਉੱਤੇ ਪੀਂਘਾਂ
ਪਿਆਰ ਦੀਆਂ ਪਾਈਆਂ ਤੂੰ
ਟੁੱਟ ਜਾਣੀਆਂ ਸੀ ਕਾਹਤੋਂ
ਏਨੀਆਂ ਚੜ੍ਹਾਈਆਂ ਤੂੰ
ਤੇਰੇ ਤਾਂ ਹੁਲਾਰੇ ਕੋਲ ਹੋਣਗੇ
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ

ਸਾਡੇ ਹੱਥਾਂ ਉੱਤੇ ਮਹਿੰਦੀ
ਕਿਹੜਾ ਹੁਣ ਲਾਵੇਗਾ
ਕੌਣ ਸਾਨੂੰ 'ਸ਼ਿੰਦੇ ਸ਼ਿੰਦੇ'
ਕਹਿ ਕੇ ਬੁਲਾਵੇਗਾ
ਤੇਰੇ ਤਾਂ ਪਿਆਰੇ ਕੋਲ ਹੋਣਗੇ
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ

'ਟਾਹਲੀ ਵਾਲਿਆ' ਵੇ ਚੰਗੀ
ਵਫ਼ਾ ਤੂੰ ਨਿਭਾਈ ਵੇ
ਕੱਖਾਂ ਵਾਲੀ ਕੁੱਲੀ ਤੂੰ
ਗ਼ਰੀਬਣੀ ਦੀ ਢਾਹੀ ਵੇ
ਤੇਰੇ ਤਾਂ ਚੁਬਾਰੇ ਕੋਲ ਹੋਣਗੇ
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ

ਪਿੰਡੋਂ ਬਾਹਰ ਫਿਰਨੀ ਦੇ ਉੱਤੇ
ਮੈਨੂੰ ਮਾਂ ਉਡੀਕਦੀ ਤੁਰ ਗਈ ਏ
ਕੁੱਖ ਤੋਂ ਲੈ ਕੇ ਕਬਰਾਂ ਤੱਕ
ਮੇਰੇ ਨਕਸ਼ ਉਲੀਕਦੀ ਖੁਰ ਗਈ ਏ
ਜਿਥੇ ਖੜ੍ਹ ਕੇ ਉਡੀਕਦੀ ਸੀ ਮਾਂ
ਅੱਜ ਖ਼ਾਲੀ ਖ਼ਾਲੀ ਹੋ ਗਿਆ ਉਹ ਥਾਂ

ਪੁੱਤ ਪਰਦੇਸੋਂ ਆ ਗਿਆ ਤੇਰਾ
ਤੂੰ ਕਿਥੇ ਜਾ ਲਾਇਆ ਡੇਰਾ
ਦੇਖ ਕੇ ਤੇਰੀ ਗ਼ੈਰ-ਹਾਜ਼ਰੀ
ਵਾਂਗ ਉਜਾੜਾਂ ਲਗਿਆ ਵਿਹੜਾ
ਇਕ ਵਾਰੀ ਜੇ ਪਰਤ ਆਵੇਂ
ਤੈਨੂੰ ਫੇਰ ਨਾ ਜਾਣ ਦਿਆਂ

ਮਾਂ ਐਸਾ ਤੂੰ ਲਾਡ ਲਡਾਇਆ
ਛਾਤੀਆਂ ਚੀਰ ਕੇ ਦੁੱਧ ਪਿਲਾਇਆ
ਆਪਣੇ ਬਦਨ 'ਚੋਂ ਬਦਨ ਬਣਾ ਕੇ
ਦੁਨੀਆ ਉੱਤੇ ਤੋਰਨ ਲਾਇਆ
ਮਾਂ ਪੁੱਤ ਵਰਗਾ ਰਿਸ਼ਤਾ ਸੱਚਮੁਚ
ਹੋਰ ਕੋਈ ਜੱਗ 'ਤੇ ਨਾ

ਮਾਂ ਦੇ ਵਰਗਾ ਮੀਤ ਕੋਈ ਨਾ
ਮਾਂ ਤੋਂ ਵੱਡੀ ਪ੍ਰੀਤ ਕੋਈ ਨਾ
ਮਾਂ ਦੇ ਵਰਗੀ ਅਸੀਸ ਨਾ ਲੱਭਣੀ
ਮਾਂ ਤੋਂ ਵੱਡਾ ਗੀਤ ਕੋਈ ਨਾ
ਮਾਂ ਦੇ ਗੀਤ ਦਾ ਇਕੋ ਮਾਇ੍ਨਾ
ਪੁੱਤਾ! ਤੇਰੇ ਤੋਂ ਪਹਿਲਾਂ ਮੈਂ ਮਰ ਜਾਂ

ਸਿਰ ਮੇਰੇ ਤੋਂ ਛੱਤ ਕੋਈ ਢਹਿ ਗਈ
ਜਾਣ ਵੇਲੇ ਮੈਨੂੰ ਕੁਝ ਨਹੀਂ ਕਹਿ ਗਈ
ਹੁਣ ਕਿਹੜਾ ਸਮਝਾਊ ਮੈਨੂੰ
ਸਭ ਨਸੀਹਤਾਂ ਨਾਲ ਹੀ ਲੈ ਗਈ
'ਟਾਹਲੀ ਵਾਲੇ' ਨੂੰ ਨਹੀਂ ਲੱਭਣੀ
ਹੁਣ ਮਾਂ ਜਿਹੀ ਠੰਡੜੀ ਛਾਂ
ਅੱਜ ਖ਼ਾਲੀ ਖ਼ਾਲੀ.....।



ਸੁੰਨੀ ਸੁੰਨੀ ਰਾਤ ਮੇਰੀ
ਸੁੰਨੇ ਸੁੰਨੇ ਆਲ੍ਹਣੇ।
ਇਕ ਛਿੱਟ ਚਾਨਣੀ ਲਈ
ਗੀਤ ਪੈ ਗਏ ਬਾਲਣੇ।

ਉੱਚਿਆਂ ਚੁਬਾਰਿਆਂ 'ਚ
ਕਿੰਨੀ ਕਿੰਨੀ ਲੋਅ ਵੇ
ਲੱਗੇ ਜ਼ੋਰਾਵਰਾਂ ਲਿਆ
ਸੂਰਜ ਲਕੋ ਵੇ
ਸਾਨੂੰ ਤੇ ਹਨੇਰਿਆਂ 'ਚ
ਪੈ ਗਏ ਦੀਦੇ ਗਾਲਣੇ।

ਕਬਰਾਂ ਦੀ ਚੁੱਪ ਮੇਰੇ
ਮੋਢੇ ਮੋਢੇ ਆ ਗਈ ਏ
ਵਿਚੋ ਵਿਚ ਮੈਨੂੰ ਇਹੋ
ਗੱਲ ਇਕੋ ਖਾ ਗਈ ਏ
ਖ਼ੁਸ਼ੀਆਂ ਦੇ ਦਿਨ ਅਸੀਂ
ਖਰੇ ਕਦੋਂ ਮਾਨਣੇ

ਹੱਕਾਂ ਵਾਲੇ ਐਵੇਂ ਕਿਸੇ
ਮਾਣ ਵਿਚ ਰਹਿ ਗਏ ਨੇ
ਸੋਨੇ ਦੇ ਤਵੀਤਾਂ ਵਾਲੇ
ਦੇਖੋ ਬਾਜ਼ੀ ਲੈ ਗਏ ਨੇ
ਸਾਨੂੰ ਤੇ ਨਜਾਇਜ਼ ਏਥੇ
ਪੈ ਗਏ ਘੱਟੇ ਛਾਨਣੇ

ਲੱਗੇ ਮੈਨੂੰ ਗੀਤਾਂ ਦੀ
ਅਹੂਤੀ ਕੰਮ ਆਵੇਗੀ
ਨੂਰ ਦੀ ਨਦੀ 'ਚ
'ਟਾਹਲੀ ਵਾਲੇ' ਨੂੰ ਨੁਹਾਵੇਗੀ
ਇਹਨਾਂ ਹੀ ਭਰੋਸਿਆਂ ਨੂੰ
ਪੈ ਗਏ ਹੁਣ ਪਾਲਣੇ।
ਇਕ ਛਿੱਟ....।

ਸਾਡੀ ਜਿੰਦ ਨੂੰ ਨਾ ਮਿੱਟੀ ਵਿਚ
ਰੋਲ ਬਾਲਮਾ
ਐਵੇਂ ਪੈਸੇ ਸੰਗ ਪਿਆਰ ਨੂੰ ਨਾ
ਤੋਲ ਜ਼ਾਲਮਾ

ਤੂੰ ਤੇ ਹੋਇਓਂ ਪਰਦੇਸੀ
ਏਥੇ ਖਿੜੀਆਂ ਕਪਾਹਾਂ
ਝੱਲਾ ਦਿਲ ਨਹੀਓਂ ਮੰਨੇ
ਇਨੂੰ ਕਿੰਝ ਸਮਝਾਵਾਂ
ਉੱਤੋਂ ਸਾਉਣ ਦਾ ਮਹੀਨਾ
ਅਨਮੋਲ ਬਾਲਮਾ

ਤੇਰੇ ਬਾਝੋਂ ਜੱਗ ਸੁੰਨਾ
ਤੇਰੇ ਬਾਝੋਂ ਕੌਣ ਵਾਲੀ
ਨੈਣ ਹੰਝੂਆਂ 'ਚ ਡੁੱਬੇ
ਦਿਲ ਰਹਿੰਦਾ ਖ਼ਾਲੀ ਖ਼ਾਲੀ
ਦੱਸਾਂ ਕਿਹੜਾ ਕਿਹੜਾ ਦੁੱਖ
ਮੈਂ ਫਰੋਲ ਬਾਲਮਾ

'ਟਾਹਲੀ ਵਾਲਿਆ' ਵੇ ਅਸੀਂ
ਮਰ ਚੱਲੇ ਤ੍ਰਿਹਾਏ
ਤੇਰੇ ਬਾਝੋਂ ਆ ਕੇ ਕਿਹੜਾ
ਸਾਡੀ ਪਿਆਸ ਨੂੰ ਬੁਝਾਏ
ਕਿਤੇ ਜਾਵੇ ਨਾ ਇਹ ਚਿੱਤ ਸਾਡਾ
ਡੋਲ ਬਾਲਮਾ



ਸੱਜਣਾ ਵੇ ਪੈਰੀਂ ਹੱਥ ਲਾਉਣ ਦੇ
ਕਈ ਜਨਮਾਂ ਤੋਂ ਰੁੱਸਿਆ ਸੈਂ
ਹੁਣ ਤੇ ਮਨਾਉਣ ਦੇ
ਸੱਜਣਾਂ ਵੇ ਪੈਰੀਂ ਹੱਥ ਲਾਉਣ ਦੇ

ਤੇਰੇ ਹਿਜਰਾਂ ਦੇ ਵਿਚ ਅੜਿਆ
ਕਿੰਨੇ ਜਨਮ ਗਵਾ ਲੈ ਮੈਂ
ਅਰਮਾਨਾਂ ਨੂੰ ਚਾੜ੍ਹ ਜਵਾਨੀ
ਹੱਥੀਂ ਫਿਰ ਦਫ਼ਨਾ ਲੈ ਮੈਂ
ਜੋ ਦੁੱਖ ਤੇਰੇ ਬਿਨਾ ਸਹੇ
ਹੁਣ ਤੇ ਸੁਣਾਉਣ ਦੇ
ਸੱਜਣਾਂ ਵੇ ਪੈਰੀਂ ਹੱਥ ਲਾਉਣ ਦੇ

ਤੇਰੇ ਪੈਰਾਂ ਥੱਲਿਉਂ ਮਿੱਟੀ
ਚੁੱਕ ਸੀਨੇ ਨਾਲ ਲਾਵਾਂ ਮੈਂ
ਪਾਰਸ ਦੇ ਨਾਲ ਛੋਹ ਕੇ ਸੱਜਣਾਂ
ਅੱਜ ਪਾਰਸ ਹੋ ਜਾਵਾਂ ਮੈਂ
ਜੋ ਹੱਥ ਤੇਰੇ ਹੱਥੋਂ ਛੁੱਟੇ
ਹੁਣ ਤੇ ਮਿਲਾਉਣ ਦੇ
ਸੱਜਣਾਂ ਵੇ ਪੈਰੀਂ ਹੱਥ ਲਾਉਣ ਦੇ

ਮਹਿਕਾਂ ਖਿੰਡੀਆਂ ਖ਼ੁਸ਼ੀਆਂ ਨੱਚੀਆਂ
ਅੱਜ ਤੇਰਾ ਦਰਸ਼ਨ ਪਾਇਆ ਵੇ
ਸਾਗਰ ਦੇ ਵਿਚ ਸਾਗਰ ਹੋਇਆਂ
ਜਨਮਾਂ ਦਾ ਤਿਰਹਾਇਆ ਵੇ
ਗੋਦ ਆਪਣੀ 'ਚ ਬਹਿ ਕੇ
ਹੁਣ ਜ਼ਿੰਦਗੀ ਹੰਢਾਉਣ ਦੇ
ਸੱਜਣਾਂ ਵੇ ਪੈਰੀਂ ਹੱਥ ਲਾਉਣ ਦੇ

ਹੁਣ ਨਾ ਛੱਡੀਂ ਹੁਣ ਨਾ ਪਰਖੀਂ
ਹੁਣ ਨਾ ਕਿਧਰੇ ਜਾਵੀਂ ਵੇ
ਨੂਰ ਦੀ ਝੋਲੀ ਭਰ ਕੇ ਮੇਰੀ
ਹੋਰ ਨਾ ਹੁਣ ਤੜਫਾਵੀਂ ਵੇ
ਗੀਤ 'ਟਾਹਲੀ ਵਾਲੇ' ਨੂੰ ਹੁਣ
ਵਸਲਾਂ ਦੇ ਗਾਉਣ ਦੇ
ਸੱਜਣਾਂ ਵੇ ਪੈਰੀਂ ਹੱਥ ਲਾਉਣ ਦੇ



# ਜਰਨੈਲ ਭੁੱਲਰ



ਪਿਤਾ: ਸ. ਚੰਨਣ ਸਿੰਘ
ਮਾਤਾ: ਸ੍ਰੀਮਤੀ ਚੰਨਣ ਕੌਰ
ਜਨਮ ਸਥਾਨ: ਕੋਟ ਕਰਾਰ ਖ਼ਾਂ
ਜਨਮ ਤਰੀਕ: 15 ਅਗਸਤ 1953
ਮੁਢਲੀ ਵਿਦਿਆ: ਗੌਰਮਿੰਟ ਹਾਈ ਸਕੂਲ ਖੈਰ੍ਹਾ ਮੱਝਾ
ਸਿਰਨਾਵਾਂ: 99-05, Corona Ave. # 3B, Corona NY-11368
ਫੋਨ ਨੰਬਰ: (718) 457-7989

*1983 ਤੋਂ ਲਿਖਣਾ ਸ਼ੁਰੂ ਕੀਤਾ। ਗੀਤ ਸੰਗ੍ਰਹਿ 'ਮੇਰੇ ਗੀਤ' ਪ੍ਰਕਾਸ਼ਿਤ ਹੋ ਚੁੱਕਿਆ ਹੈ। ਰੱਬ ਦੀ ਰਜ਼ਾ ਵਿਚ ਰਾਜ਼ੀ ਹੈ। ਏ ਬੀ ਸੀ ਐਂਟਰਟੇਨਮੈਂਟ ਅਧੀਨ 'ਲਹਿਰਾਂ ਪੰਜਾਬ ਦੀਆਂ' ਅਖਾੜੇ ਦੀ ਡੀ ਵੀ ਡੀ ਰਲੀਜ਼ ਕਰ ਚੁੱਕਾ ਹੈ। 'ਸਾਡਾ ਲਹਿੰਗਾ ਮੋੜਨਾ ਭੁੱਲ ਗਈ' ਉਸਦਾ ਮਕਬੂਲ ਗੀਤ ਹੈ।*

*ਜਦ ਕਹਿਰ ਕਮਾਇਆ ਆਪਣਿਆਂ ਨੇ*
*ਕਿਹਨੂੰ ਆਪਣੇ ਆਖ ਬੁਲਾਵਾਂਗੇ*
*ਸੁੰਨੀਆ ਪੈੜਾਂ ਉਜੜੀਆਂ ਰਾਹਾਂ*
*ਬਣ ਖਾਕ ਰਾਹਾਂ ਦੀ ਜਾਵਾਂਗੇ*



ਲਿਖ ਲਿਖ ਕੇ ਚਿੱਠੀਆਂ ਪਾਉਂਦੇ ਰਹੇ
ਗਲ਼ ਯਾਦ ਵਤਨ ਦੀ ਲਾਉਂਦੇ ਰਹੇ
ਪੈਂਦੇ ਝੱਲਣੇ ਦੁੱਖ ਜੁਦਾਈਆਂ ਦੇ
ਮਾਂ, ਪਰਦੇਸੀਂ ਕੱਲਿਆਂ ਨੂੰ।
ਚੇਤੇ ਆਉਂਦੇ ਰਹਿੰਦੇ ਪਿਆਰ ਬੜੇ
ਮਾਂ, ਪਰਦੇਸੀਂ ਕੱਲਿਆਂ ਨੂੰ।

ਉਣਦੇ ਰਹਿੰਦੇ ਤਾਣੇ ਸਧਰਾਂ ਦੇ
ਮਾਂ ਕੱਲੇ ਬਹਿ ਬਹਿ ਕੇ।
ਖ਼ਤ ਲਿਖਦੇ ਸੌ ਸੌ ਵਾਰੀ
ਹਾਉਕੇ ਡੂੰਘੇ ਲੈ ਲੈ ਕੇ।
ਕਿੰਝ ਬੀਤਦੀਆਂ ਕੀ ਦੱਸਾਂ,
ਮਾਂ ਇਨਸਾਨਾਂ ਭਲਿਆਂ ਨੂੰ।

ਟੁੱਟ ਜਾਂਦੀ ਨੀਂਦਰ ਅੱਖੀਆਂ ਦੀ
ਕਿਤੇ ’ਵਾਜ ਦਵੇ ਨਾਂ ਲੈ ਕੇ ਨੀ।
ਰੋ ਪੈਂਦੇ ਤਾਰੇ ਅੰਬਰਾਂ ਦੇ
ਜਦੋਂ ਰੋਂਦੇ ਹਾਂ, ਮਾਂ ਕਹਿ ਕੇ ਨੀ।
ਯਾਦ ਤੈਨੂੰ ਵੀ ਤੇ ਆਉਂਦੀ ਹਊ,
ਹੱਥੀਂ ਤੋਰ ਕੇ ਝਲਿਆਂ ਨੂੰ।

ਆਵਾਜ਼ਾਂ ਦੇਣ ਸੁਣਾਈ ਤੋਤਲੀਆਂ
ਕਦੇ ‘ਬਾਪੂ ਬਾਪੂ’ ਕਹਿ ਕੇ ਨੀ।
ਦਿਲ ਵਾਂਗ ਮਾਸੂਮਾਂ ਰੋ ਲੈਂਦਾ,
ਕੱਲਿਆਂ ਕੱਲਿਆਂ ਬਹਿ ਕੇ ਨੀ।
ਕਿਹੜਾ ਮਾਰ ਆਵਾਜ਼ ਬੁਲਾਵੇ ਅੱਜ,
ਨੀ ਦਸ ਸ਼ਾਮਾਂ ਢਲਿਆਂ ਨੂੰ।

ਖ਼ਬਰੇ ਕਿਹਦੇ ਤੋਂ ਲੇਖ ਲਿਖਾਏ
ਇਹ ਸਾਡੀਆਂ ਤਕਦੀਰਾਂ ਦੇ।
ਪੈ ਗਏ ਵਿਛੋੜੇ ਝੱਲਣੇ ਨੇ
ਮਾਂਏਂ ਸਕਿਆਂ ਵੀਰਾਂ ਦੇ।
ਕੀ ‘ਕੋਟ ਦਾ ਭੁੱਲਰ’ ਦਸ ਦੇਵੇ ਮਾਂ
ਦੁੱਖ ਇਹ ਕੱਲਿਆਂ ਕੱਲਿਆਂ ਦੇ।

ਹੰਝੂ ਸਿੱਪੀਆਂ ’ਚ ਸੁੱਕ ਜਾਣੇ।
ਨੀ ਤਕਦਿਆਂ ਰਾਹਵਾਂ ਤੇਰੀਆਂ,
ਸਾਹ ਸੱਜਣਾ ਇਹ ਮੁਕ ਜਾਣੇ।

ਵਿਹੜੇ ਦਿਲ ਦੇ ’ਚ ਸੋਗ ਪਿਆ।
ਨੀ ਹਸਦਿਆਂ ਲਾਈਆਂ ਅੱਖੀਆਂ,
ਲੱਗ ਉਮਰਾਂ ਦਾ ਰੋਗ ਗਿਆ।

ਵੇਲਾ ਹੱਥ ਨਹੀਂ ਏ ਆਉਣਾ ਏ।
ਨੀ ਧੂੰਏ ਦੇ ਬਹਾਨੇ ਗੋਰੀਏ,
ਤੂੰ ਵੀ ਬਹਿ ਕੇ ਰੋਣਾ ਏ।

ਯਾਰ ਜਿਹਨਾਂ ਦੇ ਨੇ ਭੁੱਲ ਜਾਂਦੇ।
ਨੀ ਗਲੀਆਂ ਦੇ ਕੱਖਾਂ ਵਾਂਗਰਾਂ,
ਉਹ ਗਲੀਆਂ ’ਚ ਰੁਲ ਜਾਂਦੇ।

ਜੀ ਸੋਹਣੇ ਕਰਦੇ ਬਹਾਨੇ ਨੇ।
ਉਹ ਦਿਲਾਂ ਦੇ ਵਿਉਪਾਰ ਕਰਕੇ,
ਸੋਹਣੇ ਸਦਦੇ ਬਿਗਾਨੇ ਨੇ।

ਚੁੱਪ ਕਬਰਾਂ ’ਚ ਛਾਈ ਹੋਈ ਏ।
ਉਹਨਾਂ ਦੀਆਂ ਰੋਣ ਅੱਖੀਆਂ,
ਜਿਹਨਾਂ ਇਸ਼ਕ ਨਾਲ ਲਾਈ ਹੋਈ ਏ।

ਤਾਰੇ ਟਾਵੇਂ ਟਾਵੇਂ ਟੁੱਟਦੇ ਨੇ।
ਆਸ਼ਕਾਂ ਦੀ ਕਾਹਦੀ ਜ਼ਿੰਦਗੀ,
ਰਹਿੰਦੇ ਜਿਉਂਦਿਆਂ ਹੀ ਮੁਕਦੇ ਨੇ।

ਛਾਵਾਂ ਠੰਢੀਆਂ ਨੇ ਬਿਰਛ ਦੀਆਂ।
ਜਦ ਟੁੱਟਦੇ ਦੋ ਦਿਲ ‘ਭੁੱਲਰਾ’,
ਰੂਹਾਂ ਕੰਬਦੀਆਂ ਅਰਸ਼ ਦੀਆਂ।



ਪੱਗ ਰੱਖ ਕੇ ਸਰਾਹਣੇ ਬਾਪ ਰੋਵੇ,
ਧੀਆਂ ਦੇ ਦੁੱਖ ਬਹੁਤ ਚੰਦਰੇ।
ਦੁਖੀ ਧੀ ਨਾ ਕਿਸੇ ਦੀ ਰੱਬਾ ਹੋਵੇ,
ਧੀਆਂ ਦੇ ਦੁੱਖ ਚੰਦਰੇ।

ਉੱਡ ਅੱਖੀਆਂ ’ਚੋ ਰਾਤ ਦੀਆਂ,
ਨੀਂਦਰਾਂ ਵੀ ਜਾਂਦੀਆਂ।
ਫਟ ਜਾਂਦੇ ਨੇ ਕਲੇਜੇ
ਜਦੋਂ ਧੀਆਂ ਕਿਤੇ ਰੋਂਦੀਆਂ।
ਉਹੀ ਜਾਣਦਾ ਧੀਆਂ ਦੇ ਦੁੱਖ ਲੋਕੋ,
ਧੀ ਜੰਮੀ ਜੀਹਦੇ ਘਰ ਹੋਵੇ।
ਧੀਆਂ ਦੇ ਦੁੱਖ....।

ਖਰੇ ਕੀਹਦੇ ਤੋਂ ਲਿਖਾਉਂਦੀਆਂ ਇਹ,
ਲੇਖ ਡੁੱਬ ਜਾਣੀਆਂ ਦੇ।
ਚੋਗ ਹੱਥਾਂ ’ਚ ਬੇਗਾਨਿਆਂ ਦੇ,
ਹੁੰਦੇ ਮਰ ਜਾਣੀਆਂ ਦੇ।
ਮਿੱਟੀ ਰੁਲ ਜਾਂਦੀਆਂ ਇਜ਼ਤਾਂ ਗ਼ਰੀਬ ਦੀਆਂ,
ਧੀ ਘਰ ਜੇ ਗ਼ਰੀਬ ਜੰਮੀ ਹੋਵੇ।
ਧੀਆਂ ਦੇ ਦੁੱਖ.......।

ਗੁਝੇ ਹਾਉਕਿਆਂ ’ਚ ਗੁੱਝ ਗੁੱਝ,
ਮਰ ਮੁਕ ਜਾਂਦੀਆਂ।
ਲਾਜ ਪਾਲਦੀਆਂ ਮਾਪਿਆਂ ਦੀ,
ਚਿਖਾ ਚੜ੍ਹ ਜਾਂਦੀਆਂ।
ਬਣ ਜਾਂਦੇ ਨੇ ਨਸੂਰ ਦੁੱਖ ਧੀਆਂ ਦੇ,
ਦੁਖੀ ‘ਭੁੱਲਰਾ’ ਕਿਸੇ ਦੀ ਧੀ ਨਾ ਹੋਵੇ।
ਧੀਆਂ ਦੇ ਦੁੱਖ......।

ਤੈਨੂੰ ਨੀ ਸਲਾਮ
ਤੇਰੇ ਪਿਆਰ ਨੂੰ ਸਲਾਮ।
ਚੰਨ ਤੋਂ ਵੀ ਸੋਹਣੇ ਦਿਲਦਾਰ ਨੂੰ ਸਲਾਮ।

ਕਰਦੇ ਇਬਾਦਤਾਂ ਨੀ
ਖ਼ਾਬ ਵਿਚ ਰਾਤਾਂ ਨੂੰ।
ਸਾਂਭ ਸਾਂਭ ਰੱਖਦੇ ਹਾਂ
ਤੇਰੀਆਂ ਸੁਗਾਤਾਂ ਨੂੰ
ਦਿਲ ਵਿਚ ਮਿੱਠੀ ਮਿੱਠੀ
ਵਜਦੀ ਜੋ ਰਹਿੰਦੀ
ਤੇਰੀਆਂ ਹੀ ਤਾਂਘਾਂ ਵਾਲੀ ਤਾਰ ਨੂੰ ਸਲਾਮ।
ਚੰਨ ਤੋਂ ਵੀ......।

ਰੱਬ ਤੋਂ ਵੱਧ ਤੈਨੂੰ
ਯਾਦ ਅਸੀਂ ਕਰਦੇ
ਭਰਦੇ ਨਾ ਸਾਹ ਕਦੇ,
ਉੱਚੀ ਤੈਥੋਂ ਡਰਦੇ
ਪਿਆਰ ਵਿਚ ਜਿਹੜਾ
ਸਾਡੇ ਨਾਲ ਸੀ ਤੂੰ ਕੀਤਾ
ਵਾਰ ਵਾਰ ਉਸ ਇਕਰਾਰ ਨੂੰ ਸਲਾਮ।
ਚੰਨ ਤੋਂ ਵੀ.....।

ਚਿੱਤ ਕਰੇ ਸੁੱਖ ਤੈਨੂੰ
ਖ਼ੂਬ ਮੈਂ ਸਜਾਵਾਂ ਨੀ
'ਕੋਟ ਪਿੰਡ' ਵਿਚ ਤੇਰੀ
ਡੋਲੀ ਲੈ ਕੇ ਜਾਵਾਂ ਨੀ
'ਭੁੱਲਰ' ਨਿਮਾਣਾ ਨੀ
ਦੀਵਾਨਾ ਹੋ ਕੇ ਕਹਿੰਦਾ
ਤੇਰੇ ਸੱਚੇ ਸੁੱਚੇ ਇਤਬਾਰ ਨੂੰ ਸਲਾਮ।
ਚੰਨ ਤੋਂ ਵੀ.....।



ਪੱਥਰ ਦਿਲਾਂ 'ਤੇ ਧਰਨੇ ਪੈਂਦੇ
ਹਰ ਹਰਜਾਨੇ ਭਰਨੇ ਪੈਂਦੇ
ਚੜ੍ਹ ਜਾਂਦੀਆਂ ਨੇ ਕਈ
ਬਲੀਆਂ ਪਿਆਰ ਦੀਆਂ।
ਪਰਦੇਸ ਗਏ ਪਰਦੇਸੀਆਂ ਨੂੰ
ਯਾਦਾਂ ਵਤਨਾਂ ਦੀਆਂ ਮਾਰਦੀਆਂ।

ਉੱਡੇ ਜਾਂਦੇ ਪਿਆਰ ਸਿਰਾਂ ਤੋਂ
ਵੀਰਾਂ ਤੇ ਭਰਜਾਈਆਂ ਦੇ।
ਅੱਖ ਲਗਦਿਆਂ ਨਜ਼ਰੀਂ ਆਉਂਦੇ
ਚੂੜੇ ਸੱਜ ਵਿਆਹੀਆਂ ਦੇ।
ਜਦ ਟੁੱਟਦੇ ਤਾਰੇ ਅੰਬਰਾਂ ਦੇ
ਰੂਹਾਂ ਧਾਹਾਂ ਧੁਰ ਤੱਕ ਮਾਰਦੀਆਂ।
ਪਰਦੇਸ ਗਏ......।

ਫੁੱਲ ਖਿੜਦੇ ਛੱਡ ਛੱਡ ਜਿਗਰਾਂ ਦੇ
ਪੈਂਦੇ ਝਲਣੇ ਦਰਦ ਜੁਦਾਈਆਂ ਦੇ।
ਹੋਏ ਸੱਖਣੇ ਰਹਿਣ ਮੁਹੱਬਤਾਂ ਤੋਂ
ਬੁਰੇ ਝਲਣੇ ਵਿਛੋੜੇ ਭਾਈਆਂ ਦੇ।
ਨਿੱਤ ਟੁੱਟਦੇ ਰਹਿੰਦੇ ਕੱਚ ਵਾਂਗੂੰ
ਰੱਬ ਜਾਣੇ ਇਹਨਾਂ ਦੇ ਹਾਲ ਦੀਆਂ।
ਪਰਦੇਸ ਗਏ.....।

ਖੜ੍ਹ ਖੜ੍ਹ ਕੇ ਨਾਲ ਬਨੇਰਿਆਂ ਦੇ
ਰਾਹ ਤਕਦੇ ਰਹਿੰਦੇ ਰਾਹੀਆਂ ਦੇ।
ਬਹਿ ਜਾਂਦੇ ਤੱਕ ਹਨੇਰਿਆਂ ਨੂੰ
ਉਹ ਢਲ ਗਈਆਂ ਪਰਛਾਈਆਂ ਦੇ।
ਹੰਝੂਆਂ 'ਚ ਘੁੱਟ ਸਬਰਾਂ ਦੇ ਕੁਝ
ਕੁਝ ਯਾਦਾਂ ਰੜਕਣ ਪਿਆਰ ਦੀਆਂ।
ਪਰਦੇਸ ਗਏ.....।

ਪੰਛੀ ਮਾਰ ਉਡਾਰੀਆਂ ਉਡ ਜਾਂਦੇ
ਗਲ਼ ਲੱਗ ਲੱਗ ਰੋਜ਼ ਪਰਾਇਆਂ ਦੇ।
ਹਾਉਕੇ ਭਰਦੇ ਬਹਿ ਬਹਿ ਰਾਤਾਂ ਨੂੰ
ਕਰ ਕਰ ਯਾਦ ਜਿਗਰ ਦੇ ਜਾਇਆਂ ਦੇ।
'ਜਰਨੈਲ ਕੋਟ ਦੇ' ਭੁੱਲੀਆਂ ਜਾਂਦੀਆਂ ਨਾ
ਯਾਦਾਂ ਸਜਰੇ ਪਿਆਰ ਦੀਆਂ।
ਪਰਦੇਸ ਗਏ....।



# ਮਲਕੀਤ ਮਹਿੰਦਪੁਰੀ




ਪਿਤਾ: ਸ. ਹਵੇਲਾ ਸਿੰਘ
ਮਾਤਾ: ਸ੍ਰੀਮਤੀ ਪ੍ਰੀਤਮ ਕੌਰ
ਜਨਮ ਸਥਾਨ: ਮਹਿਮਦਪੁਰ (ਜ਼ਿਲ੍ਹਾ ਕਪੂਰਥਲਾ)
ਜਨਮ ਤਰੀਕ: 3 ਮਾਰਚ 1961
ਮੁਢਲੀ ਵਿਦਿਆ: ਗੌਰਮਿੰਟ ਹਾਇਰ ਸੈਕੰਡਰੀ ਸਕੂਲ ਕਰਤਾਰਪੁਰ
ਸਿਰਨਾਵਾਂ: 1854 Ocean Ave. # 3C Bklyn NY-11230
ਫੋਨ ਨੰਬਰ: (347) 678-5504
ਈਮੇਲ: meetmehndpuri@aol.com


*1979 ਤੋਂ ਕੁਲਦੀਪ ਮਾਣਕ ਦੀਆਂ ਕਲੀਆਂ ਦੇ ਪੱਟੇ ਹੋਏ ਨੇ ਲਿਖਣਾ ਸ਼ੁਰੂ ਕੀਤਾ। ਹਰਦੇਵ ਦਿਲਗੀਰ ਨੂੰ ਉਸਤਾਦ ਬਣਾਇਆ। ਗੀਤ ਲਿਖਕੇ ਉਸਨੂੰ ਸਕੂਨ ਮਿਲਦਾ ਹੈ। ਦੋ ਗੀਤ ਸੰਗ੍ਰਹਿ 'ਲੌਂਗੜੀ ਦੇ ਫੁੱਲ ਵਰਗੀ' ਅਤੇ 'ਕੱਢਦੀ ਫੁਲਕਾਰੀ ਵੇ' ਛਪ ਚੁੱਕੇ ਹਨ।*

*ਅੱਜ .ਫ਼ੈਸ਼ਨ ਨੱਚਣ ਨਚਾਉਣੇ ਦਾ*
*ਤੇ ਬੇਸੁਰਿਆਂ ਲਈ ਗਾਉਣੇ ਦਾ*
*ਪਰ ਉਹਨਾਂ ਵਰਗੀ ਰੀਸ ਨਹੀਂ*
*ਜੋ ਰਾਗ ਪੁਰਾਣੇ ਸਮਿਆਂ ਦੇ*
*ਅੱਜ ਦੇ ਗੀਤਾਂ ਤੋਂ ਵਧੀਆ ਸਨ*
*ਜੋ ਗੀਤ ਪੱਥਰ ਦੇ ਤਵਿਆਂ ਦੇ*



ਮਾੜੀ ਦੁਰਘਟਨਾ ਹੋ ਜਾਂਦੀ ਜਦ ਪਿੰਡ ਦੀਆਂ ਜੂਹਾਂ ’ਤੇ
ਬੁਝ ਜਾਵਣ ਚਿਰਾ.ਗ ਸਦਾ ਲਈ ਕਿਸੇ ਬਰੂਹਾਂ ਦੇ।
ਅੱਧ ਵਿਚਾਲੇ ਰਹਿ ਜਾਵਣ ਮੋਹ ਭੈਣਾਂ–ਭਾਈਆਂ ਦੇ।
ਚੂੜੇ ਬਾਹੋਂ ਤੋੜ ਦਿੰਨੈ, ਰੱਬਾ ਸੱਜ ਵਿਆਹੀਆਂ ਦੇ।

ਤੱਤੀ ਵਾਅ ਨਾ ਲੱਗੇ ਸੁੱਖਾਂ ਮਾਪੇ ਸੁੱਖਦੇ ਨੇ।
ਲਾਡਾਂ ਦੇ ਨਾਲ ਕਈ ਕਈ ਨਾਂ ਰੱਖਦੇ ਪੁੱਤ ਦੇ ਨੇ।
ਵੱਡਿਆਂ ਹੋ ਕੇ ਪੁੜ ਜਿਹੜੇ ਬੰਨ੍ਹ ਦੇਣ ਕਮਾਈਆਂ ਦੇ।
ਚੂੜੇ ਬਾਹੋਂ.....।

ਭੈਣਾਂ ਨੂੰ ਚਾਅ ਹੁੰਦੈ ਰੱਖੜੀ ਬੰਨ੍ਹਣੀਂ ਵੀਰਾਂ ਦੇ।
ਸੁਹਾਗ ਵਿਚਾਲੇ ਰੁਲ ਜਾਂਦੇ ਕਈ ਜੱਗ ’ਤੇ ਹੀਰਾਂ ਦੇ।
ਆਪਣੀ ਛੱਡ ਕੇ ਮਾਣਨ ਜਿਹੜੇ ਸੇਜ਼ ਪਰਾਈਆਂ ਦੇ।
ਚੂੜੇ ਬਾਹੋਂ.....।

ਭਾਈਆਂ ਦੀ ਬਾਂਹ ਸੱਜੀ ਕਹਿੰਦੇ ਹੁੰਦੇ ਭਾਈ ਨੇ।
ਵਿਚ ਵਿਛੋੜੇ ਭਾਈਆਂ ਦੇ ਕਈ ਹੋਏ ਸ਼ੁਦਾਈ ਨੇ।
ਰੋਂਦੇ ਨੈਣ ਨਿਮਾਣੇ ਰੱਸੇ ਗਲ਼ ਪਏ ਫਾਹੀਆਂ ਦੇ।
ਚੂੜੇ ਬਾਹੋਂ......।

ਸਾਰੀ ਜ਼ਿੰਦਗੀ ਦਾ ਦੁੱਖ ਮੰਨ ਤੋਂ ਨਹੀਓਂ ਉੱਤਰਦਾ।
ਚੱਕ ਜਨਾਜ਼ਾ ਜਾਣਾ ਪਏ ਜਦ ਪਿਉ ਨੂੰ ਪੁੱਤਰ ਦਾ।
ਦੱਸੇ ਹਕੀਕਤ ‘ਮਹਿੰਦਪੁਰੀ ਮੀਤ’ ਨਾਲ ਗਹਿਰਾਈਆਂ ਦੇ।
ਚੂੜੇ ਬਾਹੋਂ......।

ਧੀਆਂ ਨੇ ਬੇਗਾਨਾ ਧਨ ਜੱਗ ਸਾਰਾ ਆਖੇ
ਇਹ ਤਾਂ ਮੁੱਦਤਾਂ ਤੋਂ ਚੱਲਿਆ ਵਿਹਾਰ ਬਾਬਲਾ।
ਵੇ ਦੇ ਦੇ ਰੱਜ ਰੱਜ, ਧੀ ਨੂੰ ਪਿਆਰ ਬਾਬਲਾ।

ਚਿੱਟੀ ਤੇਰੀ ਪੱਗ ਬਾਪੂ ਦਾਗ਼ ਨਹੀਓਂ ਲਾਇਆ ਵੇ।
ਧੀਆਂ ਤੇ ਧਿਆਣੀਆਂ ਦਾ ਰਿਸ਼ਤਾ ਨਿਭਾਇਆ ਵੇ।
ਰੋਇਆ ਕਰੇਂਗਾ ਜਦੋਂ ਯਾਦ ਸਾਡੀ ਆਊ
ਧੀਆਂ ਹੁੰਦੀਆਂ ਨਾ ਮਨ 'ਚੋਂ ਵਿਸਾਰ ਬਾਬਲਾ ਵੇ।
ਵੇ ਦੇ ਦੇ ਰੱਜ ਰੱਜ, ਧੀ ਨੂੰ ਪਿਆ ਬਾਬਲਾ.....।

ਪਰਦੇ ਦੀ ਗੱਲ ਮਾਂ ਦੀ ਸੁਣੂ ਕੌਣ ਆ ਕੇ।
ਤੁਰ ਚੱਲੀ ਘਰ ਦੀਆਂ ਕੁੰਜੀਆਂ ਫੜ੍ਹਾ ਕੇ।
ਸਹੁਰਿਆਂ ਦੇ ਜਾ ਕੇ ਵੀ ਮੈਂ ਸੁਖ ਦੀ ਰਹਾਂਗੀ
ਹਵਾ ਪੇਕਿਆਂ ਤੋਂ ਆਵੇ ਠੰਢੀ ਠਾਰ ਬਾਬਲਾ।
ਵੇ ਦੇ ਦੇ ਰੱਜ ਰੱਜ, ਧੀ ਨੂੰ ਪਿਆਰ ਬਾਬਲਾ....।

ਲਾਡ ਜੋ ਲਡਾਏ ਮੈਨੂੰ ਵੀਰਾਂ-ਭਰਜਾਈਆਂ ਨੇ।
ਅੱਖੀਆਂ 'ਚੋਂ ਉਹਨਾਂ ਨੇ ਵੀ ਛਹਿਬਰਾਂ ਲਗਾਈਆਂ ਨੇ।
ਸਖੀਆਂ ਦਾ ਪੂਰ ਖੜ੍ਹਾ ਬੁੱਕ ਬੁੱਕ ਰੋਵੇ
ਹੁੰਦਾ ਉਹਨਾਂ ਤੋਂ ਵਿਛੋੜਾ ਨਾ ਸਹਾਰ ਬਾਬਲਾ।
ਵੇ ਦੇ ਰੱਜ ਰੱਜ, ਧੀ ਨੂੰ ਪਿਆਰ ਬਾਬਲਾ....।

ਚਿੜੀਆਂ ਦਾ ਚੰਬਾ ਅਸਾਂ ਉੱਡ ਪੁੱਡ ਜਾਵਣਾ।
ਜਿਥੇ ਜਿਥੇ ਲਿਖਿਆ ਕਿਸੇ ਦਾ ਉਥੇ ਖਾਵਣਾ।
'ਮਹਿੰਦਪੁਰੀ' ਜਿਥੇ ਸਾਡੀ ਚੋਗ ਹੈ ਖਿਲਾਰੀ
'ਮੀਤ' ਓਧਰ ਉਡਾਰੀ ਜਾਣੈ ਮਾਰ ਬਾਬਲਾ।
ਵੇ ਦੇ ਰੱਜ ਰੱਜ, ਧੀ ਨੂੰ ਪਿਆਰ ਬਾਬਲਾ।



ਮੈਂ ਥੱਕ ਗਈ ਔਸੀਆਂ ਪਾਉਂਦੀ ਵੇ
ਕੋਠੇ ਤੋਂ ਕਾਗ ਉਡਾਉਂਦੀ ਵੇ
ਹੁਣ ਹੋਈਆਂ ਮੁੱਦਤਾਂ ਮਿਲਿਆਂ ਨੂੰ
ਸਾਨੂੰ ਪੈ ਰਿਹਾ ਏ ਪਛਤਾਉਣਾ
ਮੈਨੂੰ ਦੱਸੀਂ ਵੀਰਨਾ ਵੇ
ਆਪ ਨੇ ਕਦ ਵਤਨਾਂ ਨੂੰ ਆਉਣਾ।

ਤੈਨੂੰ ਅੰਮੜੀ ਨਿੱਤ ਹੀ ਯਾਦ ਕਰੇ
ਤੇ ਰੋ ਰੋ ਕੇ ਫ਼ਰਿਆਦ ਕਰੇ।
ਕਦੋਂ ਆਉਣਾ ਦਿਲ ਦੇ ਟੁਕੜੇ ਨੇ
ਜੋ ਮਾਂ ਦੇ ਦਿਲ 'ਤੇ ਰਾਜ ਕਰੇ।
ਫਿਰੇ ਬਾਪ ਉਦਾਸ ਜਿਹਾ
ਤੇਰੇ ਬਿਨ ਕਿਸੇ ਨਾ ਧੀਰ ਬਨ੍ਹਾਉਣਾ।

ਤੇਰੇ ਯਾਰ ਜੁੰਡੀ ਦੇ ਸਾਰੇ ਵੇ
ਸਭ ਪੁਛਦੇ ਤੇਰੇ ਬਾਰੇ ਵੇ।
ਕਦੋਂ ਆਉਣਾ ਸਾਡੇ ਦੋਸਤ ਨੇ
ਬਾਪੂ ਨੂੰ ਪੁੱਛਣ ਵਿਚਾਰੇ ਵੇ।
ਬੋਲ ਵੱਜਣ ਸ਼ਰੀਕਾਂ ਦੇ
ਉਹਨਾਂ ਤਾਂ ਉਥੇ ਹੀ ਵਿਆਹ ਕਰਵਾਉਣਾ।

ਮੈਨੂੰ ਹਾਣਦੀਆਂ ਸਭ ਕਹਿਣ ਵੀਰਾ
ਜਦ ਵੀ ਤਾਂ ਜੁੜ ਕੇ ਬਹਿਣ ਵੀਰਾ।
ਸੁਣ ਗੱਲ ਵੇ ਪੂਰ ਤ੍ਰਿੰਝਣਾਂ ਦੀ
ਮੇਰੇ ਸੱਲ੍ਹ ਕਲੇਜੇ ਪੈਣ ਵੀਰਾ।
ਛੱਡ ਲਾਲਚ ਪੌਂਡਾ ਦਾ
ਵੀਰਨਾ ਮਾਇਆ ਹੈ ਇਕ ਖਿਡੌਣਾ।

ਨੇੜੇ ਆਇਆ ਹੈ ਰੱਖੜੀ ਤਿਉਹਾਰ ਵੀਰਾ
ਆ ਛੱਡ ਸਾਰੇ ਕੰਮ ਕਾਰ ਵੀਰਾ।
ਲਾ ਰੌਣਕਾਂ 'ਮਹਿੰਦਪੁਰੇ' ਵਿਚ ਤੂੰ
ਲੈ ਪਿੰਡ ਦੀ ਆ ਕੇ ਸਾਰ ਵੀਰਾ।
ਸਾਡੇ ਦਿਲ ਦੀ ਖ਼ਾਹਿਸ਼ ਇਹੋ
ਅਸੀਂ ਤੈਨੂੰ ਸ਼ੌਕ ਦੇ ਨਾਲ ਵਿਆਹੁਣਾ।

ਜਾ ਕੇ ਪਰਦੇਸਾਂ ਵਿਚ ਭੁੱਲ ਗਿਉਂ ਚੰਨਾ
ਵੇ ਤੂੰ ਕਰਕੇ 'ਕਰਾਰ ਬੇਕਰਾਰ ਹੋ ਗਿਆ।
ਤੈਨੂੰ ਡਾਲਰਾਂ ਦੇ ਨਾਲ ਵੇ ਪਿਆਰ ਹੋ ਗਿਆ।

ਰੂਪ ਵੇ ਮੈਂ ਚੋਰੀ ਦੀ ਬੰਦੂਕ ਵਾਂਗ ਸਾਂਭ ਰੱਖਾਂ,
ਪੁਛਦਾ ਨਾ ਸਾਰ ਸਾਡੀ ਆਣ ਕੇ।
ਆਂਢਣਾਂ ਗੁਆਂਢਣਾਂ ਕਈ ਹਾਨਣਾਂ ਸਹੇਲੀਆਂ
ਪੁਛਦੀਆਂ ਤੇਰੇ ਬਾਰੇ ਜਾਣਕੇ।
ਆਖਦਾ ਕੀ ਢੋਲ ਤੇਰਾ ਟੈਲੀਫੋਨ ਉੱਤੇ
ਜਿਹੜਾ ਗੋਰੀਆਂ ਦੀ ਅੱਖ ਦਾ ਸ਼ਿੰਗਾਰ ਹੋ ਗਿਆ।

ਨਾ ਮੈਂ ਵਿਆਹੀਆਂ ਅਤੇ ਨਾ ਹੀ ਕੁਆਰੀਆਂ 'ਚ
ਕਿਸੇ ਪਾਸੇ ਜੋਗੀ ਵੀ ਨਾ ਛੱਡਿਆ।
ਚੰਦਰੀ ਵਿਚੋਲਣ ਦਾ ਬੈਠ ਜਾਵੇ ਬੇੜਾ
ਜੀਹਨੇ ਚਿਰਾਂ ਦਾ ਪੁਰਾਣਾ ਵੈਰ ਕੱਢਿਆ।
ਨਾਲ ਜੋ ਵਿਆਹੀਆਂ ਦੇ ਤਾਂ ਖੇਡਣ ਨਿਆਣੇ
ਮੇਰੀ ਸੁੰਨੀ ਕੁੱਖ ਦਾ ਨਾ ਪਹਿਰੇਦਾਰ ਹੋ ਗਿਆ।

ਸੱਜਣਾ ਜੇ ਹੋਵਾਂ ਕਿਤੇ ਕੂੰਜ ਅਸਮਾਨੀ
ਤੇਰੇ ਕੋਲ ਮੈਂ ਉਡਾਰੀ ਲਾ ਕੇ ਆ ਜਵਾਂ।
ਸਾਂਭ ਸਾਂਭ ਰੱਖੀਆਂ ਚਿਰਾਂ ਤੋਂ ਜੋ ਨੇ ਦਿਲ ਵਿਚ
ਤੈਨੂੰ ਸਭ ਸੱਜਣਾ ਸੁਣਾ ਜਵਾਂ।
ਹਰੇ ਹਰੇ ਨੋਟ ਰੱਖੇ ਜੇਬ ਵਿਚ ਪਾ ਕੇ
ਊਂ ਤਾਂ ਪੈਸਿਆਂ ਦੇ ਵਲੋਂ ਸ਼ਾਹੂਕਾਰ ਹੋ ਗਿਆ।

'ਮਹਿੰਦਪੁਰੇ' ਵਿਚ ਮੇਰਾ ਲਗਦਾ ਨਾ ਚਿੱਤ
ਮੈਨੂੰ ਸੱਦ ਲੈ ਅਮਰੀਕਾ ਵਿਚ ਹਾਣੀਆਂ।
ਜਦੋਂ ਦੀ ਵਿਆਹੀ ਕੋਈ ਸੁੱਖ ਵੀ ਨਾ ਲਿਆ
ਕਦੇ ਰੱਜ ਕੇ ਮੈਂ ਮੌਜਾਂ ਵੀ ਨਾ ਮਾਣੀਆਂ।
ਆਪ ਤਾਂ ਤੂੰ 'ਮੀਤ' ਮੇਮਾਂ ਨਾਲ ਖ਼ੁਸ਼ ਰਹਿਨੈ
ਪਰ ਸਾਡੇ ਬੁੱਲ੍ਹੋਂ ਹਾਸਾ ਵੇ ਫਰਾਰ ਹੋ ਗਿਆ।



ਲਾਰੇ ਲੱਪਿਆਂ ਦੇ ਨਾਲ ਰਹੇ ਟਰਕਾਉਂਦਾ
ਘਰੋਂ ਗਏ ਨੂੰ ਹੋ ਗਏ ਨੇ ਵਰ੍ਹੇ ਚਾਰ।
ਫੋਨ ਉੱਤੇ ਗੱਲ ਕਰਦਾ
ਮੇਰਾ ਮਾਹੀ ਨੀ ਸਮੁੰਦਰਾਂ ਤੋਂ ਪਾਰ।

ਕਹਿੰਦਾ ਮੈਨੂੰ, ਅਗਲੇ ਮਹੀਨੇ ਮੈਂ ਗਰੀਨ ਕਾਰਡ
ਲੈ ਕੇ ਜਦ ਵਤਨਾਂ ਨੂੰ ਆਊਂਗਾ।
ਆਉਂਦਿਆਂ ਹੀ ਸਾਰ ਮੈਂ ਕਢਾਉਣੀ ਐ ਮਰੂਤੀ
ਤੈਨੂੰ ਸੈਰ ਚੰਡੀਗੜ੍ਹ ਦੀ ਕਰਾਊਂਗਾ।
ਉਸਦੇ ਹਿਜਰ ਵਿਚ ਭੁਲਦੀ ਮੈਂ ਜਾਵਾਂ
ਕਿਵੇਂ ਲਾਈ ਦਾ ਹੈ ਹਾਰ ਤੇ ਸ਼ਿੰਗਾਰ।
ਫੋਨ ਉੱਤੇ......।

ਉਸਦੇ ਜਿਊਣ ਦਾ ਨਾਂ ਹੱਜ ਕੋਈ ਹੁੰਦਾ
ਜੀਹਦਾ ਤੁਰ ਜਾਵੇ ਢੋਲ ਪਰਦੇਸ਼ ਨੀ।
ਕੱਟਦੀ ਨਿਮਾਣੀ ਦਿਨ ਹਾਉਕਿਆਂ ਦੇ ਨਾਲ
ਰਹਿੰਦੀ ਤਾਂਘ ਸੱਜਣਾ ਦੀ ਏ ਹਮੇਸ਼ ਨੀ।
ਹੰਝੂਆਂ ਦੀ ਚੋਗ ਉਹਦੀ ਯਾਦ ਦੇ ਪਰਿੰਦੇ
ਚੁੱਗ ਲੈਂਦੇ ਨੇ ਨੈਣਾਂ 'ਚ ਚੁੰਝਾਂ ਮਾਰ।
ਫੋਨ ਉੱਤੇ......।

ਕਰੋ ਨਾ ਮਖੌਲ ਮੈਨੂੰ ਮੈਂ ਤਾਂ ਸਤੀ ਹੋਈ
ਉਹਦੀ ਯਾਦ ਨੇ ਕਲੇਜੇ ਅੱਗ ਲਾਈ ਐ।
ਨਵੀਂ ਹੁਣ ਹੋਰ ਗੱਲ ਘੜ ਕੇ ਦਿਮਾਗ਼ ਵਿਚੋਂ
ਕੱਲ੍ਹ ਫੋਨ ਉੱਤੇ ਹੀ ਬਤਾਈ ਐ।
ਬੰਗਲਾ ਪੁਆ ਕੇ ਤੈਨੂੰ ਸ਼ਹਿਰ ਵਿਚ ਦੇਣਾ
ਕਹਿੰਦਾ ਕਰੇਂਗੀ ਤੂੰ ਮੌਜ ਬਹਾਰ।
ਫੋਨ ਉੱਤੇ....।

'ਮਹਿੰਦਪੁਰੀ ਪਿੰਡ' ਇਕ ਪਾਸੇ ਤਾਂ ਨੀ ਰਿਹਾ
ਹੁਣ ਗੱਲਾਂ ਵੀ ਸ਼ਰੀਕੇ ਵਾਲੇ ਕਰਦੇ।
ਬੈਠਾ ਅਮਰੀਕਾ ਵਿਚ ਡਾਲਰਾਂ ਦਾ ਲੋਭੀ
ਉਹ ਤਾਂ ਗੱਲ ਕਰਦੇ ਨਹੀਂ ਭੋਰਾ ਡਰਦੇ।
'ਮੀਤ' ਮੇਰਾ ਢੋਲ ਕਦੋਂ ਆਊ ਮੇਰੇ ਕੋਲ
ਜਿਹੜਾ ਭੁੱਲ ਗਿਆ ਕੌਲ ਇਕਰਾਰ।
ਫੋਨ ਉੱਤੇ......।



# ਬਲਵਿੰਦਰ ਭੌਰਾ



ਪਿਤਾ: ਸ੍ਰੀ ਪ੍ਰਕਾਸ਼ ਰਾਮ
ਮਾਤਾ: ਸ੍ਰੀਮਤੀ ਬਚਨ ਕੌਰ
ਜਨਮ ਸਥਾਨ: ਮੌਂ ਸਾਹਿਬ
ਜਨਮ ਤਰੀਕ: 31 ਮਾਰਚ 1962
ਮੁਢਲੀ ਵਿਦਿਆ: ਗੌਰਮਿੰਟ ਹਾਈ ਸਕੂਲ, ਮੌਂ ਸਾਹਿਬ

ਸਿਰਨਾਵਾਂ: 53-21, 104 Street, Corona
NY-11368
ਫੋਨ ਨੰਬਰ: (718) 592−0720
ਈਮੇਲ: amritent@aol.com

*1983 ਤੋਂ ਲਿਖਣਾ ਸ਼ੁਰੂ ਕੀਤਾ। 'ਲੱਗੇਂ ਜਾਨ ਤੋਂ ਪਿਆਰਾ ਵੇ ਕੈਂਠੇ ਵਾਲਿਆ ਗਭਰੂਆ' ਨਿਊਯਾਰਕ ਦੀਆਂ ਪਾਰਟੀਆਂ ਵਿਚ ਬੇਹੱਦ ਮਕਬੂਲ ਗੀਤ। 'ਅੰਮ੍ਰਿਤ ਐਂਟਰਟੇਨਮੈਂਟ' ਬੈਨਰ ਹੇਠ ਕਈ ਕੈਸਟਾਂ ਰਲੀਜ਼ ਕੀਤੀਆਂ। ਅਨੇਕ ਗਾਇਕਾਂ ਨੇ ਬਲਵਿੰਦਰ ਭੌਰਾ ਦੇ ਲਿਖੇ ਗੀਤ ਗਾਏ ਹਨ।*

*ਲਿਖਣ ਦਾ ਸ਼ੌਕ ਹੁਣ ਇਕ ਨਸ਼ਾ ਬਣ ਗਿਆ ਹੈ।*
*ਲਿਖਣ ਲਈ ਜ਼ਿੰਦਗੀ ’ਚ ਛਾਈ .ਗੁਰਬਤ ਹਮੇਸ਼ਾ*
*ਪਰੇਰਨਾ ਬਣਦੀ ਰਹੀ ਹੈ।*
*ਲੇਖਕ ਨੂੰ ਸੱਚ ਲਿਖਣ ਤੋਂ ਘਬਰਾਉਣਾ ਨਹੀਂ ਚਾਹੀਦਾ।*
*–ਬਲਵਿੰਦਰ ਭੌਰਾ*



ਜਿਉਂ ਖੋਂਹਦੀ ਸਰਕਾਰ ਨੀ
ਸਾਰੇ ਹੱਕ .ਗਰੀਬਾਂ ਦੇ
ਹਾਏ ਤੂੰ ਲੁੱਟੇ ਅਰਮਾਨ ਨੀ
ਸਾਡੇ ਬਦਨਸੀਬਾਂ ਦੇ

ਦੁਪਹਿਰੀ ਖਿੜੀ ਦੇ ਵਾਂਗੂੰ ਨੀ
ਤੂੰ ਟਾਈਮ ਨਾਲ ਹੀ ਖਿੜਦੀ ਰਹੀ
ਸੂਈ ਜੋ ਸਾਡੀ ਕਿਸਮਤ ਦੀ
ਤੇਰੇ ਪਿਆਰ ਸਹਾਰੇ ਗਿੜਦੀ ਰਹੀ
ਤੂੰ ਬਣ ਪਟਵਾਰਨ ਨ.ਫਰਤ ਦੀ
ਸਾਨੂੰ ਮਿਣਿਆ ਨਾਲ ਜ਼ਰੀਬਾਂ ਦੇ
ਜਿਉਂ ਖੋਂਹਦੀ ਸਰਕਾਰ.....।

ਤੈਨੂੰ ਮੋਹ ਲਿਆ ਚਮਕਾਂ ਦਮਕਾਂ ਨੇ
ਤੂੰ ਲੱਗ ਗਈ ਐਸੀਆਂ ਚਾਟਾਂ ’ਤੇ
ਅਸੀਂ ਬਣ ਕੇ ਰਹਿ ਗਏ ਮੀਲ ਪੱਥਰ
ਹਾਏ ਤੇਰੇ ਇਸ਼ਕ ਦੀਆਂ ਵਾਟਾਂ ਦੇ
ਸਾਨੂੰ ਦੇਖ ਕੇ ਤਿਊੜੀਆਂ ਪਾ ਲੈਂਦੀ
ਤੂੰ ਹਸਦੀ ਨਾਲ ਰਕੀਬਾਂ ਦੇ
ਜਿਉਂ ਖੋਂਹਦੀ ਸਰਕਾਰ....।

ਕਬਰਾਂ ਤੇ ਬਾ.ਗਾਂ ਦੇ ਹਾਏ
ਮੈਂ ਰੁੱਖ ਵਿਚ ਅੰਤਰ ਜਾਣਿਆ ਨਾ
ਮੈਨੂੰ ਇਸ਼ਕ ਖ਼ੁਮਾਰੀ ਚੜ੍ਹ ਗਈ ਸੀ
ਮੈਂ ਅਪਣਾ .ਗੈਰ ਪਛਾਣਿਆ ਨਾ
‘ਮੈਂ ਵਾਲੇ ਭੌਰੇ’ ਨੇ ਆਪੇ
ਚੁੰਮ ਲਏ ਕਿੱਲ ਸਲੀਬਾਂ ਦੇ
ਜਿਉਂ ਖੋਂਹਦੀ ਸਰਕਾਰ....।

ਸਾਨੂੰ ਯਾਰ ਕਹਿਣ ਵਾਲੇ ਬੜੇ ਟੱਕਰੇ
ਨਿਭਾਈ ਕਿਸੇ ਦੋ ਦਿਨ ਨਾ
ਕਹਿੰਦੇ ਰਹੇ ਸਾਨੂੰ ਦੁਨੀਆ ਤੋਂ ਵੱਖਰੇ
ਨਿਭਾਈ ਕਿਸੇ ਦੋ ਦਿਨ ਨਾ

ਭੋਲੇ ਜਿਹੇ ਸੁਭਾਅ ਦਾ ਸਾਡਾ
ਬਹੁਤ ਫ਼ਾਇਦਾ ਲੈ ਗਏ
ਜਾਣ ਲੱਗੇ ਚੰਦਰੇ,
ਸੁਭਾਅ ਦਾ ਮਾੜਾ ਕਹਿ ਗਏ
ਇਹਦੇ ਨਾਲੋਂ ਸਾਡੇ ਕਰ ਜਾਂਦੇ ਡੱਕਰੇ
ਨਿਭਾਈ ਕਿਸੇ ਦੋ ਦਿਨ ਨਾ
ਸਾਨੂੰ ਯਾਰ ਕਹਿਣ ਵਾਲੇ.....।

ਸਿਫ਼ਤਾਂ ਦੇ ਪੁਲ ਬੰਨ੍ਹੇ
ਜਿੱਥੇ ਅਸੀਂ ਬਹਿੰਦੇ ਰਹੇ
ਪਿੱਛੇ ਪਿੱਛੇ ਹੱਦੋਂ ਵੱਧ
ਮਾੜਾ ਆਪੇ ਕਹਿੰਦੇ ਰਹੇ
ਸਾਨੂੰ ਯਾਰ ਮਿਲੇ ਐਹੋ ਜਿਹੇ ਖਚਰੇ
ਨਿਭਾਈ ਕਿਸੇ ਦੋ ਦਿਨ ਨਾ
ਸਾਨੂੰ ਯਾਰ ਕਹਿਣ ਵਾਲੇ.....।

'ਮੌ ਵਾਲੇ ਭੌਰੇ' ਦੀਆਂ
ਰੱਬ ਉੱਤੇ ਡੋਰਾਂ ਨੇ
ਸ਼ਿਕਵਾ ਨਾ ਹੁੰਦਾ
ਹੁੰਦਾ ਲੁੱਟਿਆ ਜੇ ਚੋਰਾਂ ਨੇ
ਹੁਣ ਲੰਘਦੇ ਬੁਲਾ ਕੇ ਸਾਨੂੰ ਬੱਕਰੇ
ਨਿਭਾਈ ਕਿਸੇ ਦੋ ਦਿਨ ਨਾ
ਸਾਨੂੰ ਯਾਰ ਕਹਿਣ ਵਾਲੇ ਬੜੇ ਟੱਕਰੇ
ਨਿਭਾਈ ਕਿਸੇ ਦੋ ਦਿਨ ਨਾ



ਭਾਵੇਂ ਖ਼ੁਸ਼ੀਆਂ ਦੇ
ਦੁਨੀਆ 'ਚ ਰੰਗ ਬੜੇ ਨੇ
ਮੈਨੂੰ ਚਾਹੁੰਣ ਵਾਲੇ
ਫ਼ਰਜ਼ੀ ਜਿਹੇ ਸੰਗ ਬੜੇ ਨੇ
ਸਾਡੇ ਚਾਵਾਂ ਦੇ ਜ਼ਖ਼ਮ
ਬਸ ਅੱਲੇ ਅੱਲੇ ਰਏ੍ਹ
ਅਸੀਂ ਜਿੱਥੇ ਵੀ ਗਏ
ਤੇਰੇ ਬਿਨਾਂ
'ਕੱਲੇ 'ਕੱਲੇ ਰਏ੍ਹ

ਲੋਕੀ ਦੇਣ ਇਉਂ ਦਿਲਾਸੇ
ਜਿਵੇਂ ਬੱਚਾ ਮੈਂ ਕੋਈ ਹੋਵਾਂ
ਟੁੱਟੇ ਕੀਮਤੀ ਖਿਡੌਣੇ 'ਤੇ ਜਿਉਂ
ਭੁੱਬਾਂ ਮਾਰ ਰੋਵਾਂ
ਅਸੀਂ ਤੇਰੇ ਤੋਂ ਬਗ਼ੈਰ
ਕਿਹਦੇ ਕਿਹਦੇ ਪੱਲੇ ਪਏ
ਅਸੀਂ ਜਿੱਥੇ ਵੀ ਗਏ....।

ਸਭ ਝੂਮ ਝੂਮ ਰੁੱਖਾਂ ਵਾਂਗੂ
ਗਲ਼ ਲਗਦੇ ਨੇ
ਗਲ਼ ਲੱਗਕੇ ਹੀ ਚੰਦਰੇ ਇਹ
ਦਿਲ ਠਗਦੇ ਨੇ
ਅਸੀਂ ਹੋ ਕੇ ਹੁਸ਼ਿਆਰ ਵੀ
ਹਾਏ ਝੱਲੇ ਝੱਲੇ ਰਏ੍ਹ
ਅਸੀਂ ਜਿੱਥੇ ਵੀ ਗਏ....।

ਰੱਬ ਜਾਣੇ ਹੁਣ ਕਦੋਂ ਹੋਣਾ
ਸਾਡਾ ਮੇਲ ਹਾਏ
ਹੋ ਗਈ ਇਕੋ ਭੁੱਲ ਪਿੱਛੇ
ਜਿਹੜੀ ਸਾਨੂੰ ਜੇਲ੍ਹ ਹਾਏ
'ਮੌ ਵਾਲੇ ਭੌਰੇ' ਨੇ ਤਾਂ
ਲੱਖਾਂ ਦੁੱਖ ਝੱਲ ਲਏ
ਅਸੀਂ ਜਿੱਥੇ ਵੀ ਗਏ....।

ਜਿੰਨੀ ਨਿਭ ਗਈ ਨਿਭਾਈ
ਚਲੋ ਬੀਤ ਗਈ ਕਹਾਣੀ
ਅਸੀਂ ਦਿਲ ਵਿਚ ਸਾਂਭੀ
ਯਾਦ ਸਮਝ ਪੁਰਾਣੀ
ਤੇਰੇ ਕਰਕੇ ਸੀ
ਜਿਹਨਾਂ ਮੈਨੂੰ ਛੱਡਿਆ
ਤੂੰ ਅੱਖਾਂ ’ਤੇ ਬਿਠਾਏ ਹੋਏ ਆ
ਐਨੇ ਵੀ ਹਾਏ ਅਸੀਂ ਨਹੀਂ ਸੀ
ਦਿਲ ਦੇ ਮਾੜੇ
ਜਿੰਨੇ ਵੈਰਨੇ ਤੂੰ
ਲੋਕਾਂ ’ਚ ਬਣਾਏ ਹੋਏ ਆ

ਜਿਵੇਂ ਰੂਹ ’ਚ ਤੇਰੇ ਆਈ
ਓਦਾਂ ਛੱਟਿਆ ਤੂੰ ਸਾਨੂੰ
ਮੁੜ ਪੈਰੀਂ ਨਹੀਓਂ ਆਏ
ਏਦਾਂ ਪੱਟਿਆ ਤੂੰ ਸਾਨੂੰ
ਹੁਣ ਮੂੰਹੋਂ ਵੀ ਨਹੀਂ ਅਸੀਂ ਕੁਝ ਬੋਲਦੇ
ਹਾਏ ਐਨਾ ਤੂੰ ਸਤਾਏ ਹੋਏ ਆ
ਐਨੇ ਵੀ ਹਾਏ........

ਗੱਲਾਂ ਕਰ ਕਰ ਏਦਾਂ ਤੂੰ
ਬਣਾਇਆ ਝੂਠੋਂ ਸੱਚ
ਤੇਰੇ ਕਹਿਰ ਤੋਂ ਨਾ
ਧੋਖੇਬਾਜ਼ੇ ਹੋਇਆ ਸਾਥੋਂ ਬੱਚ
ਹੁਣ ਕੋਈ ਵੀ ਨਹੀਂ ਸੱਚ ਮੇਰਾ ਮੰਨਦਾ
ਹਾਏ ਐਨੇ ਤੂੰ ਸਿਖਾਏ ਹੋਏ ਆ
ਐਨਾ ਵੀ ਹਾਏ......

‘ਭੌਰਾ ਮੌ ਵਾਲਾ’ ਕਦੇ ਕਦੇ
ਕਰਦਾ ਵਿਚਾਰ
ਕਿੰਝ ਬਿਨ ਹਥਿਆਰਾਂ ਲੋਕੋ
ਪਿਆਰ ਦਿੰਦਾ ਮਾਰ
ਇੰਝ ਲਗਦਾ ਨੀ ਦੁੱਖ ਸਾਰੀ ਦੁਨੀਆ ਦੇ
ਸਾਡੇ ਹਿੱਸੇ ਆਏ ਹੋਏ ਆ
ਐਨਾ ਵੀ ਹਾਏ....।



ਦੱਸ ਕਰਾਂ ਕੀ ਤੇਰਾ ਸਿਰਨਾਵਾਂ
ਵੇ ’ਕੱਲੀ ਛੱਡ ਜਾਣ ਵਾਲਿਆ
ਤੇਰੇ ਕਾਸ ਨੂੰ ਮੈਂ ਸ਼ਗਨ ਮਨਾਵਾਂ
ਵੇ ’ਕੱਲੀ ਛੱਡ ਜਾਣ ਵਾਲਿਆ

ਹਾਏ ਜ਼ਰਾ ਜਿੰਨੀਂ ਵੈਰੀਆ ਤੂੰ
ਕੀਤੀ ਨਾ ਸਲਾਹ ਵੇ
ਬਾਹਰ ਜਾਣ ਦਾ ਸੀ ਤੈਨੂੰ
ਮਣਾਂ ਮੂੰਹੀਂ ਚਾਅ ਵੇ
ਹਾਲ ਦਿਲ ਦਾ ਮੈਂ ਕਿਸ ਸੁਣਾਵਾਂ
ਵੇ ’ਕੱਲੀ ਛੱਡ ਜਾਣ ਵਾਲਿਆ
ਦੱਸ ਕਰਾਂ ਕੀ.....।

ਪੌਂਡਾਂ ਅਤੇ ਡਾਲਰਾਂ ਦੇ
ਸੁਪਨੇ ਤੂੰ ਲੈਂਦਾ ਸੀ
ਬਣੂੰ ਮੈਂ ਕਰੋੜਪਤੀ
ਇਹੋ ਨਿੱਤ ਕਹਿੰਦਾ ਸੀ
ਦੱਸ ਮੈਨੂੰ ਵੀ ਕਿਥੇ ਚਲੀ ਜਾਵਾਂ
ਵੇ ’ਕੱਲੀ ਛੱਡ ਜਾਣ ਵਾਲਿਆ
ਦੱਸ ਕਰਾਂ ਕੀ....।

ਕੋਲ ਕੋਲ ਹੋ ਕੇ ਵੀ ਤੂੰ
ਦੂਰ ਮੈਥੋਂ ਰਿਹਾ ਵੇ
ਕਦੇ ਨਾ ਜ਼ਬਾਨੋਂ ਚੰਨਾ
ਮਾੜਾ ਤੈਨੂੰ ਕਿਹਾ ਵੇ
ਤੈਨੂੰ ਦੇਖ ਦੇਖ ਲੈਂਦੀ ਸੀ ਮੈਂ ਸਾਹਵਾਂ
ਵੇ 'ਕੱਲੀ ਛੱਡ ਜਾਣ ਵਾਲਿਆ
ਦੱਸ ਕਰਾਂ ਕੀ....।

'ਮੌ ਵਾਲਾ ਭੌਰਾ' ਤੈਨੂੰ
ਪਤਾ ਨਈਂ ਕੀ ਕਹਿ ਗਿਆ
ਮੈਥੋਂ ਚੋਰੀ ਚੋਰੀ ਤੈਥੋਂ
ਪਾਸਪੋਰਟ ਲੈ ਗਿਆ
ਦੇਵੀਂ ਰੱਬਾ ਹਾਏ ਵੇ
ਉਹਨੂੰ ਵੀ ਸਜ਼ਾਵਾਂ
ਵੇ 'ਕੱਲੀ ਛੱਡ ਜਾਣ ਵਾਲਿਆ
ਦੱਸ ਕਰਾਂ ਕੀ....।

*****



# ਬਿੱਲਾ ਜੰਡਿਆਲੇ ਵਾਲਾ



ਪਿਤਾ: ਸ੍ਰੀ ਖ਼ੁਸ਼ੀ ਰਾਮ
ਮਾਤਾ: ਸ੍ਰੀਮਤੀ ਗੁਰਮੀਤ ਕੌਰ
ਜਨਮ ਸਥਾਨ: ਜੰਡਿਆਲਾ
ਜਨਮ ਤਰੀਕ: 2 ਫ਼ਰਵਰੀ 1965
ਮੁਢਲੀ ਵਿਦਿਆ: ਗੌਰਮਿੰਟ ਹਾਈ ਸਕੂਲ, ਜੰਡਿਆਲਾ
ਸਿਰਨਾਵਾਂ: 139-21, 85 Drive #2D Jamaica
NY-11435
ਫੋਨ ਨੰਬਰ: (718) 291-0761
ਈਮੇਲ: bittubilla@aol.com

*ਅਮਰੀਕਾ ਵਿਚ ਆ ਕੇ ਲਿਖਣਾ ਸ਼ੁਰੂ ਕੀਤਾ। ਲਿਖਣ ਦੀ ਪਰੇਰਨਾ ਦੀਪ ਮੰਗਲੀ ਤੋਂ ਮਿਲੀ। ਬਸ ਸ਼ੌਕ ਨੂੰ ਹੀ ਲਿਖਦਾ ਹੈ।*

ਹੰਝੂਆਂ ਨਾਲ਼ ਭਿੱਜ ਜਾਵੇ ਲਾਲ ਮੇਰੀ ਚੁੰਨੀ
ਵੇਖ ਕੇ ਅੱਖਾਂ ਦੇ ਮੂਹਰੇ ਸੇਜ਼ ਪਈ ਸੁੰਨੀ
ਸਿਰ ਮਾਪਿਆਂ ਨੇ ਜੋੜੇ
ਛੇਤੀ ਪੈ ਗਏ ਵਿਛੋੜੇ
ਨਾਲ਼ੇ ਉੱਡ ਗਿਆ ਗੱਲ੍ਹਾਂ ਉੱਤੋਂ ਨੂਰ ਵੇ ਚੰਨਾ
ਦੱਸ ਕੀਹਦੇ ਨਾਲ਼ ਖੇਡੇ ਤੇਰੀ ਹੂਰ ਵੇ ਚੰਨਾ

ਵੇਖ ਦੀਆਂ ਚੀਜ਼ਾਂ ਜੋ ਮੈਂ ਦਾਜ ਵਿਚ ਆਈਆਂ
ਪੋਹ ਦੀਆਂ ਰਾਤਾਂ, ਨਿੱਘ ਦੇਣ ਨਾ ਰਜਾਈਆਂ
ਭਾਵੇਂ ਸਾਰੀ ਰਾਤ ਤਪਦਾ ਤੰਦੂਰ ਵੇ ਚੰਨਾਂ
ਦੱਸ ਕੀਹਦੇ ਨਾਲ....

ਖੌਰੇ ਕਿਹੜੀ ਗੱਲ ਤੇਰੇ ਮੁਲਕਾਂ 'ਚ ਯਾਰਾ
ਜਣਾ ਖਣਾ ਜਾਣ ਦਾ ਭਰਦਾ ਹੁੰਗਾਰਾ
ਕਾਹਤੋਂ ਭੁਲ ਜਾਂਦੇ ਪਿੰਡ ਵਾਲ਼ੀ ਧੂੜ ਵੇ ਚੰਨਾਂ
ਦੱਸ ਕੀਹਦੇ ਨਾਲ...

ਤੁਰ ਗਿਆਂ ਘਰੇ ਛੱਡ 'ਕੱਲੀ ਮੇਰੀ ਜਾਨ
ਦਿਲ ਦੀਆਂ ਰੀਝਾਂ 'ਬਿੱਲਾ' ਸਕਿਆ ਨਾ ਜਾਣ
ਪਾਇਆ ਜਿਹਦੇ ਨਾਂ ਦਾ ਮਾਂਗ 'ਚ ਸੰਧੂਰ ਵੇ ਚੰਨਾਂ
ਦੱਸ ਕੀਹਦੇ ਨਾਲ....

ਲਾਰਿਆਂ ਦੇ ਵਿਚ ਸਮਾਂ ਕਿੰਨਾਂ ਕੁ ਲੰਘਾਉਣਾ
ਦੱਸ 'ਜੰਡਿਆਲੀਆ' ਵੇ ਘਰ ਕਦੋਂ ਆਉਣਾ
ਇਹੇ ਜੋਬਨ ਤ੍ਰਿੰਝਣਾਂ ਦਾ ਪੂਰ ਵੇ ਚੰਨਾਂ
ਦੱਸ ਕੀਹਦੇ ਨਾਲ.....

ਚਾਅ ਤੇ ਮਲਾਰ ਸਾਰੇ ਦੁਨੀਆ ਦੇ ਮਾਣ ਕੇ
ਪੈ ਜਾਣਾ ਇਕ ਦਿਨ ਜਦੋਂ ਲੰਮੀ ਤਾਣ ਕੇ
ਜਲਣੇ ਨੂੰ ਰਹਿ ਜਾਣਾ ਮਿੱਟੀ ਦਾ ਸਰੀਰ ਏ
ਮੌਤ ਨੇ ਤਾਂ ਆਉਣਾ ਹਰ ਇਕ 'ਤੇ ਅਖ਼ੀਰ ਏ

ਉਹਦੀ ਗੋਦ ਵਿਚ ਨਿੱਘ
ਮਾਂ ਜਿੰਨਾਂ ਹੋਵੇਗਾ
ਚੰਦਰਾ ਜਹਾਨ ਕਿੰਨਾ
ਮੇਰੇ ਲਈ ਰੋਵੇਗਾ
ਕੰਧਾਂ ਉੱਤੇ ਟੰਗੀ ਰਹਿਣੀ ਮੇਰੀ ਤਸਵੀਰ ਏ

ਸ਼ੁਕਰ ਮਨਾਉਣਾ ਕਈਆਂ
ਤੁਰ ਗਿਆ ਜੱਗ ਤੋਂ
ਬਚੇਗਾ ਇਹ ਕਿਵੇਂ
ਹੁਣ ਨਰਕਾਂ ਦੀ ਅੱਗ ਤੋਂ
ਠੰਢੀ ਨਹੀਂ ਰਹਿਣੀ ਸਦਾ ਭੈੜੀ ਤਸ਼ਤੀਰ ਏ

ਚਾਹੇ ਇਥੇ ਰਾਜਾ ਕੋਈ
ਚਾਹੇ ਭਿਖਾਰੀ ਏ
ਅਰਥੀ ਦੀ ਕਰਨੀ
ਸਭ ਨੇ ਸਵਾਰੀ ਏ
ਮੰਨਿਆ ਕਿ ਜ਼ਿਆਦਾ ਫੁੱਲ ਚੜ੍ਹੇ ਨੇ, ਅਮੀਰ ਏ

ਜਿਉਂਦਿਆਂ ਦੇ ਲਈ
ਭੈੜਾ ਖ਼ਾਬ ਖ਼ੌਫ਼ਨਾਕ ਹੈ
ਜਾਣ ਵਾਲੇ ਲਈ ਇਕ
ਪਲ ਦਾ ਮਜ਼ਾਕ ਹੈ
ਵਗੇ ਬੇਸ਼ੁਮਾਰ ਅਖੀਂ ਰੁਕਦਾ ਨਾ ਨੀਰ ਏ

ਫਿਰ ਪਛਤਾਵਾ ਦੱਸੋ ਦੁੱਖ
ਕਿਹੜੀ ਗੱਲ ਦਾ
ਮੌਤ ਦਾ ਵਿਉਪਾਰੀ
ਸਿੱਕਾ ਹਰ ਜਗ੍ਹਾ ਚਲਦਾ
ਵਿਕੇ 'ਜੰਡਿਆਲੀਆ' ਲੈਣਾ ਮੌਤ ਨੇ ਖ਼ਰੀਦ ਏ



ਨਾ ਪੀ ਮੈਨੂੰ ਜ਼ਖ਼ਮਾਂ ਕਰਕੇ
ਮੈਂ ਕੀ ਜ਼ਖ਼ਮ ਹਟਾਵਾਂਗੀ
ਆਦਤ ਜੇ ਪਾ ਲਈ ਪੀਣੇ ਦੀ
ਮੈਂ ਖ਼ੁਦ ਵੀ ਜ਼ਖ਼ਮ ਬਣ ਜਾਵਾਂਗੀ

ਖ਼ੁਸ਼ੀਆਂ ਦੇ ਵਿਹੜੇ ਵਿਚ ਵੜ ਕੇ
ਲੋਕੀਂ ਮਾਣਨ ਮੇਰੀਆਂ ਲੋਰਾਂ
ਸਾਹਾਂ ਦੇ ਵਿਚ ਜਦ ਮੈਂ ਘੁਲ ਜਾਂ
ਬਦਲ ਜਾਂਦੀਆਂ ਆਪ ਹੀ ਤੋਰਾਂ
ਖੌਰੇ ਕੀ ਕੀ ਅੰਦਰ ਜਾ ਕੇ
ਆਪਣੇ ਰੰਗ ਦਿਖਾਵਾਂਗੀ

ਰੌਣਕਾਂ ਖੋਹਵਾਂ ਸੱਜਰੇ ਮੁੱਖ ਤੋਂ
ਜਿਹਨਾਂ ਨੂੰ ਇਸ਼ਕ 'ਚ ਲੱਗੀ ਆਂ
ਹੁਸਨਾਂ ਵਾਲੀ ਆਕੜ ਮੇਰੀ
ਆਸ਼ਕ ਨਾਲ ਵੀ ਕਰਦੀ ਠੱਗੀ ਆਂ
ਧੰਨ ਦੌਲਤ ਤਾਂ ਇੱਜ਼ਤਾਂ ਲੁੱਟ ਲਊਂ
ਜਦ ਮੈਂ ਹੋਸ਼ ਭੁਲਾਵਾਂਗੀ

ਕਦੇ ਮੈਂ ਸੁਣਦੀ, ਕਦੇ ਮੈਂ ਆਖਾਂ
ਕੌੜੇ ਬੋਲ ਸਾਰਿਆਂ ਲਈ
ਦੋ ਪਲ ਦੀ ਮੈਂ ਨੀਂਦਰ ਦੇ ਕੇ
ਜਾਗਾਂ ਗ਼ਮ ਦੇ ਮਾਰਿਆਂ ਲਈ
ਸਿਰ ਫੜ੍ਹ ਕੇ ਤੈਂ ਆਪੇ ਬਹਿਣਾ
ਜਦ ਮੈਂ ਸੁਬਹ ਜਗਾਵਾਂਗੀ

ਜਿਸ ਮਹਿਫ਼ਿਲ ਵਿਚ ਮੈਂ ਨਾ ਹੋਵਾਂ
ਉਹ ਮਹਿਫ਼ਿਲ ਤਾਂ ਸਦਾ ਹੀ ਸਖਣੀ
ਮੈਨੂੰ ਪੀਣ ਵਾਲੇ ਦੀ ਅੱਖ ਦੀ
ਸਭ ਤੋਂ ਵਖਰੀ ਹੁੰਦੀ ਤਕਣੀ
ਸ਼ੋਰ ਸ਼ਰਾਬਾ ਪਾ ਕੇ ਸਭ ’ਤੇ
ਆਪਣਾ ਹੱਕ ਜਿਤਾਵਾਂਗੀ

ਬਣ ਸਿਆਣਾ ਹੁਣ ‘ਜੰਡਿਆਲੀਆ’
ਸੰਗਤ ਨਾ ਕਰ ਮੇਰੀ
ਦੂਰ ਨੇ ਮੰਜ਼ਿਲਾਂ ਲੰਮੀਆਂ ਵਾਟਾਂ
ਉਮਰ ਨਾ ਬਹੁਤ ਲੰਮੇਰੀ
ਰਾਹਾਂ ਦੇ ਵਿਚ ਤੁਰਦਿਆਂ ਤੁਰਦਿਆਂ
ਨਾਲ ‘ਬਿੱਲੇ’ ਮਰ ਜਾਵਾਂਗੀ



ਬੀ ਏ, ਐਮ ਏ ਜਦੋਂ ਕੀਤੀ ਕਹਿੰਦੇ ਖ਼ਤਮ ਪੜ੍ਹਾਈ
ਆਇਆ ਬਾਹਰਲੇ ਮੁਲਖ ’ਚੋਂ ਮੁੰਡੇ ਦੀ ਦੱਸ ਪਾਈ
ਸਾਰੇ ਖ਼ੁਸ਼ ਸੀਗੇ ਕਾਰਜ ਕਰਾਉਣ ਲੱਗਿਆਂ
ਵੇ ਮਨਾਂ ਸੋਚਿਆ ਨਾ ਤੂੰ,
ਕਾਹਤੋਂ ਵਿਆਹ ਪਰਦੇਸੀ ਨਾਲ ਕਰਾਉਣ ਲੱਗਿਆਂ
ਵੇ ਮਨਾਂ ਸੋਚਿਆ ਨਾ ਤੂੰ
ਮੁੰਦੀ ਸ਼ਗਨਾਂ ਦੀ ਉਂਗਲੀ ’ਚ ਪਾਉਣ ਲੱਗਿਆਂ

ਦਿਨ ਪੰਦਰਾਂ ਕੁ ਹੋਏ ਮਾਹੀਆ
ਪਾਸਪੋਰਟ ਚੁੱਕੀ ਕਰੇ ਜਾਣ ਦੀ ਤਿਆਰੀ
ਐਹ ਲੈ ਸਾਂਭ ਪੈਸੇ ਰੱਖੀਂ ਮਾਂ ਦਾ ਖ਼ਿਆਲ
ਛੁੱਟੀ ਮੁਕ ਗਈ ਸਾਰੀ
ਰਹਿਣਾ ਪਿਆਰ ਨਾਲ ਇਹੀ ਸਮਝਾਉਣ ਲੱਗਿਆ।
ਵੇ ਮਨਾਂ ਸੋਚਿਆ ਨਾ ਤੂੰ....

ਪਾਵਾਂ ਬਾਹਰਲੇ ਸੂਟ, ਲੱਦਾਂ ਜਿਸਮ ’ਤੇ ਗਹਿਣੇ
ਹਰ ਦਿਲ ਦਾ ਕਰੇਜ਼
ਮਿਲ ਗਿਆ ਭਾਵੇਂ ਜਾਪੇ, ਕੱਖਾਂ ਦੇ ਸਮਾਨ
ਰਹਿੰਦੀ ਸੱਖਣੀ ਜੋ ਸੇਜ਼
ਸਾਲ ਲੰਘ ਜਾਵੇ ਰਾਤ ਨੂੰ ਬਿਤਾਉਣ ਲੱਗਿਆਂ
ਵੇ ਮਨਾਂ ਸੋਚਿਆ ਨਾ ਤੂੰ....

ਜੱਗ ਵਾਲਿਓ ਜ਼ਰਾ ਕੁ ਕੰਨ ਖੋਲ੍ਹ ਕੇ ਸੁਣੋ
ਜੀਹਦਾ ਢੋਲ ਪਰਦੇਸੀ
ਦੁੱਖ ਹੰਝੂ ਤੇ ਵਿਛੋੜੇ ਵਾਲੀ ਤਾਂਘ ਪੱਲੇ ਪੈਂਦੀ
ਉਹਨਾਂ ਖ਼ੁਸ਼ੀ ਨਾ ਕੋਈ ਦੇਖੀ
ਟੈਲਫੋਨ ਉੱਤੇ ਮੰਨ ਪਰਚਾਉਣ ਲੱਗਿਆਂ
ਵੇ ਮਨਾਂ ਸੋਚਿਆ ਨਾ ਤੂੰ....

ਸੱਸ ਆਖਦੀ ਏ ਨੂੰਹੇਂ ਲਾ ਲੈ ਹਾਰ ਸ਼ਿੰਗਾਰ
ਦੱਸੋ ਕਿਹਨੂੰ ਮੈਂ ਵਿਖਾਉਣਾ
ਤੇਰਾ ਪੁੱਤ 'ਜੰਡਿਆਲੀਆ' ਤਾਂ ਬੈਠਾ ਬਹੁਤ ਦੂਰ
ਜੀਨੇ ਇਹਦਾ ਮੁੱਲ ਪਾਉਣਾ
ਯਾਦ 'ਬਿੱਲੇ' ਦੀ 'ਚ ਅਥਰੂ ਵਹਾਉਣ ਲੱਗਿਆਂ
ਵੇ ਮਨਾਂ ਸੋਚਿਆ ਨਾ ਤੂੰ....



# ਇੰਦਰਜੀਤ ਪੁਰੇਵਾਲ



ਪਿਤਾ: ਡਾ. ਜਸਵੰਤ ਸਿੰਘ
ਮਾਤਾ: ਸ੍ਰੀਮਤੀ ਹਰਭਜਨ ਕੌਰ
ਜਨਮ ਸਥਾਨ: ਕੋਹਾਲੀ (ਜ਼ਿਲ੍ਹਾ ਅੰਮ੍ਰਿਤਸਰ)
ਜਨਮ ਤਰੀਕ: 19 ਅਗਸਤ 1968
ਮੁਢਲੀ ਵਿਦਿਆ: ਗੌਰਮਿੰਟ ਹਾਈ ਸਕੂਲ, ਕੋਹਾਲੀ
ਸਿਰਨਾਵਾਂ: 23-14, 129 Street, College Point
NY-11356
ਫੋਨ ਨੰਬਰ: (646) 591-2672

*1984 ਤੋਂ ਲਿਖਣਾ ਸ਼ੁਰੂ ਕੀਤਾ। ਕਵਿਤਾ, ਗ਼ਜ਼ਲ, ਮਿੰਨੀ ਕਹਾਣੀਆਂ ਵੀ ਲਿਖਦਾ ਹੈ। ਦਿਲ ਦਾ ਗ਼ਮ ਮਿਟਾਉਣ ਲਈ ਕਲਮ ਦਾ ਸਹਾਰਾ ਲਿਆ।*

ਇਥੇ ਸਭ ਕੁਝ ਮਿਲਦਾ ਏ ਮਾਂ
ਇਕ ਤੇਰਾ ਪਿਆਰ ਨਹੀਂ ਮਿਲਦਾ।
ਤੇਰੇ ਮੋਹ ਦੀ ਮਿੱਠੜੀ ਛਾਂ
ਤੇ ਉਹ ਸਤਿਕਾਰ ਨਹੀਂ ਮਿਲਦਾ।

ਤੇਰੀ ਕੁੱਟ ਖਵਾਈ ਚੂਰੀ ਮਾਂ
ਬਾਪੂ ਦੀ ਵੱਟੀ ਘੂਰੀ ਮਾਂ
ਹੈ ਚੇਤਾ ਭੈਣ ਦਾ ਆ ਜਾਂਦਾ
ਜਦ ਖਾਲ਼ੀ ਦਿਸਦੀ ਬਾਂਹ।

ਲੋਕ ਬਿਗਾਨੇ ਦੇਸ ਬਿਗਾਨਾ
ਕੋਈ ਨਾ ਦਰਦ ਵੰਡਾਵੇ ਮਾਂ
ਅੱਖਾਂ ਵਿਚੋਂ ਨੀਰ ਛਲਕਦਾ
ਯਾਦ ਜਦੋਂ ਤੇਰੀ ਆਵੇ ਮਾਂ
ਲੋਕੀਂ ਕਹਿਣ ਸਵਰਗ ਏਸ ਨੂੰ
ਮੈਨੂੰ ਨਰਕ ਜਾਪਦੀ ਥਾਂ

ਏਥੇ ਹਰ ਇਕ ਨੂੰ ਮੋਹ ਡਾਲਰ ਦਾ
ਕੋਈ ਦਰਦ ਕਿਸੇ ਦਾ ਕੀ ਜਾਣੇ
ਗ਼ੈਰਾਂ ਦੀ ਗੱਲ ਤਾਂ ਦੂਰ ਰਹੀ
'ਪੁਰੇਵਾਲ' ਵੀ ਨਾ ਹੁਣ ਪਹਿਚਾਣੇ
ਮੇਰੇ ਮਨ ਨੂੰ ਮਿਲੇ ਸਕੂਨ ਜਿਥੇ
ਮੈਂ ਲਭਦਾ ਐਸੀ ਥਾਂ

ਦਿਲ ਨੂੰ ਏ ਗ਼ਮ ਲੱਗਾ
ਤੇਰੇ ਤੁਰ ਜਾਣ ਦਾ
ਫਾਇਦਾ ਕੀ ਹੋਇਆ ਸਾਨੂੰ
ਅੱਖੀਆਂ ਮਿਲਾਣ ਦਾ

ਇਸ ਨਾਲੋਂ ਚੰਗਾ ਸੀ
ਤੂੰ ਪਿਆਰ ਹੀ ਨਾ ਪਾਂਵਦੀ
ਜੇ ਚਾਅ ਸੀ ਪਾਉਣ ਦਾ
ਤੇ ਤੋੜ ਨਿਭਾਂਵਦੀ
ਨਹੀਓਂ ਦਸਤੂਰ ਅੱਧ ਵਿਚ
ਛੱਡ ਜਾਣ ਦਾ

ਤੇਰੇ ਰੰਗ ਰੂਪ ਉੱਤੇ
ਗਿਆ ਸੀ ਮੈਂ ਡੁੱਲ੍ਹ ਨੀ
ਦਗ਼ਾ ਮੈਨੂੰ ਦੇ ਜਾਏਂਗੀ
ਗਿਆ ਸੀ ਮੈਂ ਭੁੱਲ ਨੀ
ਹੁਣ ਵੀ ਤੇ ਧੋਖਾ ਖਾ ਕੇ
ਫਿਰਾਂ ਖਾਕ ਛਾਣ ਦਾ

ਚੜ੍ਹ ਗਈ ਜਹਾਜ਼ੇ
ਮੈਨੂੰ ਛੱਡ ਗਈਓਂ ’ਕੱਲਾ ਨੀ
ਤੇਰੇ ਬਿਨਾਂ ‘ਸਫ਼ਰੀ’ ਤਾਂ
ਹੋ ਗਿਆ ਏ ਝੱਲਾ ਨੀ
ਕਾਹਦਾ ਮਜ਼ਾ ਤੇਰੇ ਬਿਨਾ
ਜ਼ਿੰਦਗੀ ਹੰਢਾਣ ਦਾ

ਬਹਿ ਗਈ ਪਰਦੇਸਾਂ ਵਿਚ
ਮਾਹੀਏ ਕੋਲ ਜਾ ਕੇ ਤੂੰ
ਹਾਲ ‘ਪੁਰੇਵਾਲ’ ਦਾ ਨਾ
ਪੁਛਿਆ ਏ ਆ ਕੇ ਤੂੰ
ਜਤਨ ਬਥੇਰਾ ਕਰਾਂ
ਮਨ ਭਰਮਾਣ ਦਾ



ਇਸ ਬੇਕਦਰੀ ਦੁਨੀਆ ਤੋਂ
ਮਰ ਜਾਣ ਨੂੰ ਜੀਅ ਕਰਦਾ ਏ

ਏਥੇ ਆਪਣੇ ਨੂੰ ਆਪਣਾ
ਨਹੀਂ ਪਹਿਚਾਣਦਾ
ਏਥੇ ਮੁੱਲ ਨਹੀਂ ਜੇ ਲੋਕੋ
ਕੋਈ ਪਿਆਰ ਪਾਣ ਦਾ
ਏਹੋ ਸੋਚ ਸੋਚ ਦਿਲ ਮੇਰਾ
ਹਾਉਕੇ ਭਰਦਾ ਏ

ਇਹ ਦਗ਼ੇਬਾਜ਼ ਦੁਨੀਆ
ਦਗ਼ੇ ਹੈ ਕਮਾਉਂਦੀ
ਅਤੇ ਇਜ਼ਤਾਂ ਮੁਹੱਬਤਾਂ ਦੇ
ਮੁੱਲ ਯਾਰੋ ਪਾਉਂਦੀ
ਏਥੇ ਤਕੜੇ ਦਾ ਹਰ ਕੋਈ
ਪਾਣੀ ਭਰਦਾ ਏ

ਇਹ ਮਿੱਟੀ ’ਚ ਮਿਲਾਉਂਦੀ
ਸੱਚੇ ਸੁੱਚੇ ਪਿਆਰ ਨੂੰ
ਸਦਾ ਸੂਲੀ ’ਤੇ ਚੜ੍ਹਾਉਂਦੀ
ਸੱਚੇ ਸੁੱਚੇ ਯਾਰ ਨੂੰ
ਏਥੇ ਝੂਠ ਤੇ ਸਵਾਰਥਾਂ ਦਾ
ਮੀਂਹ ਵਰ੍ਹਦਾ ਏ

ਭੈਣ ਭਾਈ ਮਾਂ ਬਾਪ
ਯਾਰ ਬੇਲੀ ਵਿਚੇ ਸਾਰੇ
ਮੈਨੂੰ ਦੱਸੋ ਕਿਦੇ ਉੱਤੇ
ਕੋਈ ਕਰੇ ਇਤਬਾਰ ਏ
‘ਪੁਰੇਵਾਲ’ ਬੁੱਕਲ ਦੇ ਸੱਪਾਂ ਤੋਂ
ਜ਼ਿਆਦਾ ਡਰਦਾ ਏ

ਕੱਲੀ ਨੂੰ ਨੀਂਦ ਨਾ ਆਵੇ
ਰਾਤੀਂ ਰੋਣ ਪਲੰਘ ਦੇ ਪਾਵੇ
ਸਾਰੀ ਰਾਤ ਯਾਦਾਂ ਵਿਚ ਲੰਘ ਜਾਂਦੀ
ਝੱਲੇ ਦਿਲ ਨੂੰ ਕੌਣ ਵਰਾਵੇ ਵੇ

ਤੈਨੂੰ ਮਿਲਣੇ ਨੂੰ ਦਿਲ ਕਰਦਾ ਏ
ਜਦੋਂ ਵਗੇ ਪਿਆਰ ਦੀ ਵਾਅ ਮਾਹੀਆ
ਕਰ ਲਈਆਂ ਕਮਾਈਆਂ ਬਹੁਤ ਚੰਨਾਂ
ਹੁਣ ਘਰ ਵੱਲ ਫੇਰਾ ਪਾ ਮਾਹੀਆ
ਕਿਉਂ ਤੋਲੀ ਜਾਨੈਂ ਪੈਸੇ ਨਾਲ
ਸਾਡੀਆਂ ਸੱਧਰਾਂ ਸਾਡੇ ਚਾਅ ਮਾਹੀਆ

ਕੰਧਾਂ ਨੂੰ ਦੁੱਖ ਸੁਣਾਉਂਦੀ ਆਂ ਤੇ ਅੰਦਰ ਵੜ ਕੇ ਰੋ ਲੈਂਦੀ
ਨਾ ਪਤਾ ਕਿਸੇ ਨੂੰ ਲੱਗ ਜਾਵੇ ਹੰਝੂਆਂ ਨਾਲ ਮੁੱਖੜਾ ਧੋ ਲੈਂਦੀ
ਰਿਹਾ ਸੋਹਣੀ ਛੈਲ ਜਵਾਨੀ ਨੂੰ
ਘੁਣ ਅੰਦਰੋ ਅੰਦਰੀ ਖਾਹ ਮਾਹੀਆ
ਕਰ ਲਈਆਂ ਕਮਾਈਆਂ....।

ਕੀ ਕਰਨਾ ਚੰਦਰੇ ਨੋਟਾਂ ਨੂੰ ਸੂਲਾਂ ਦੀ ਸੇਜ਼ ਹੰਢਾਉਂਦੀ ਆਂ
ਤੇਰੇ ਬਿਨ ਇਕ ਇਕ ਪਲ ਅੜਿਆ ਕਿਵੇਂ ਦੱਸਾਂ ਕਿੰਝ ਬਿਤਾਉਂਦੀ ਆਂ
ਜਾਂ ਸਾਨੂੰ ਵੀ ਕੋਲ ਬੁਲਾ ਲੈ ਤੂੰ ਜਾਂ ਤੂੰ ਸਾਡੇ ਕੋਲ ਆ ਮਾਹੀਆ
ਕਰ ਲਈਆਂ ਕਮਾਈਆਂ....।

ਜੇ ਦਿਨ ਮਹੀਨਿਆਂ ਦੀ ਗੱਲ ਹੁੰਦੀ ਮੈਂ ਹੱਸ ਕੇ ਵਕਤ ਟਪਾ ਲੈਂਦੀ
ਹੁਣ ਸ਼ਕਲ ਵੀ ਤੇਰੀ ਜਾਏ ਭੁੱਲਦੀ ਜਿੰਦ ਜਾਪੇ ਆਖ਼ਰੀ ਸਾਹ ਲੈਂਦੀ
ਇਕ ਵਾਰੀ ਮਿਲ ਜਾ 'ਪੁਰੇਵਾਲਾ' ਜਿੰਦ ਰਹੀ ਵਾਸਤੇ ਪਾ ਮਾਹੀਆ
ਕਰ ਲਈਆਂ ਕਮਾਈਆਂ .....।



ਮੁੱਖ ਤੇਰਾ ਪੁੰਨਿਆਂ ਦੇ
ਚੰਨ ਵਾਂਗ ਗੋਲ ਮੋਲ
ਵਾਲ਼ ਕਾਲ਼ੇ ਮੱਸਿਆ ਦੀ ਰਾਤ
ਦੁੱਧ ਦੇ ਕਟੋਰੇ ਨਾਲੋਂ
ਰੰਗ ਤੇਰਾ ਚਿੱਟਾ ਵੇਖ
ਚੰਨ ਮਾਰੇ ਬਦਲਾਂ 'ਚੋਂ ਝਾਤ

ਅੱਖੀਆਂ ਨੇ ਤਾਰਿਆਂ ਦੀ ਲੋਅ
ਵਾਂਗੂੰ ਟਹਿਕਦੀਆਂ
ਬੁੱਲ੍ਹ ਫੁੱਲ ਪੱਤੀਆਂ ਗੁਲਾਬ ਦੇ
ਗੱਲ੍ਹਾਂ ਕਸ਼ਮੀਰੀ ਸੇਬ
ਨੱਕ ਤਲਵਾਰ ਜਿਹਾ
ਠੋਡੀ ਉੱਤੇ ਤਿਲ ਹੈ ਜਨਾਬ ਦੇ
ਮੋਤੀਆਂ ਜਿਹੇ ਚਿੱਟੇ ਦੰਦ
ਸਭ ਕੁਝ ਲੁੱਟ ਲੈਂਦੇ
ਹਾਸਿਆਂ ਦੀ ਕਰ ਬਰਸਾਤ

ਕਰਾਂ ਕੀ ਸਿਫ਼ਤ ਤੇਰੇ
ਇਕ ਇਕ ਅੰਗ ਦੀ ਮੈਂ
ਹਰ ਅੰਗ ਹੀਰੇ ਵਾਂਗੂੰ ਘੜਿਆ
ਅਰਸ਼ਾਂ ਦੀ ਹੂਰਪਰੀ
ਨਾਲੋਂ ਵੱਧ ਤੇਰੇ ਉੱਤੇ
ਰੂਪ ਹੈ ਜਵਾਨੀ ਵਾਲਾ ਚੜ੍ਹਿਆ
ਤੇਰੇ ਨਾਲੋਂ ਸੋਹਣੀ
ਇਸ ਧਰਤੀ 'ਤੇ ਕੋਈ ਨਾ
ਤੂੰ ਪਰੀਆਂ ਨੂੰ ਪਾਈ ਜਾਵੇਂ ਮਾਤ

ਵਿਹਲੇ ਬਹਿ ਕੇ ਰੱਬ ਨੇ
ਬਣਾਇਆ ਤੈਨੂੰ ਸੋਹਣੀਏ
ਜੋਬਨ ਦਾ ਹੜ੍ਹ ਠਾਠਾਂ ਮਾਰਦਾ
ਛੱਲਾਂ ਜਿਹੀ ਜਵਾਨੀ ਤੇਰੀ
ਕੌਣ ਠੱਲੂ ਸੋਹਣੀਏ
ਮੈਂ ਚਿੱਤ ਵਿਚ ਰਹਾਂ ਇਹ ਵਿਚਾਰਦਾ
ਜ਼ਿੰਦਗੀ ਹਨੇਰੀ ਮੇਰੀ
ਪੁੰਨਿਆ ਬਣਾ ਦੇ
ਕਰ ਕੋਈ ਐਸੀ ਕਰਾਮਾਤ

ਕਰ ਨਾ ਗ਼ਰੂਰ ਏਨਾ
ਹੁਸਨ ਦਾ ਸੋਹਣੀਏ ਤੂੰ
ਰੱਬ ਦੀ ਇਹ ਦਿੱਤੀ ਹੋਈ ਦਾਤ ਨੀ
ਵਾਂਗ ਪਰਛਾਵੇਂ ਜਦੋਂ
ਢਲ ਗਈ ਜਵਾਨੀ ਤੇਰੀ
ਪੁੱਛਣੀ ਨੇ ਕਿਸੇ ਉਦੋਂ ਬਾਤ ਨੀ
ਹੁਸਨ ਦੇ ਸੂਰਜ ਨੇ
ਇਕ ਦਿਨ ਡੁੱਬ ਜਾਣਾ
ਹਰ ਦਿਨ ਪਿਛੋਂ ਆਉਂਦੀ ਰਾਤ ਨੀ



# ਦੀਪ ਮੰਗਲੀ




ਪਿਤਾ: ਸ. ਲਛਮਣ ਸਿੰਘ
ਮਾਤਾ: ਸ੍ਰੀਮਤੀ ਬਲਦੇਵ ਕੌਰ
ਜਨਮ ਸਥਾਨ: ਲੁਧਿਆਣਾ
ਜਨਮ ਤਰੀਕ: 11 ਸਤੰਬਰ 1968
ਸਿਰਨਾਵਾਂ: 91-19, 97 Ave. Ozone Park
NY-11416
ਫੋਨ ਨੰਬਰ: (917) 417-0523
ਈਮੇਲ: deepmangli@aol.com


*ਪਿੰਡ ਵਿਚ ਬਨੇਰਿਆਂ 'ਤੇ ਵਜਦੇ ਸਪੀਕਰਾਂ ਦੇ ਗੀਤ ਸੁਣ ਕੇ ਲਿਖਣ ਦੀ ਚੇਟਕ ਲੱਗੀ। 'ਐਸੀ ਯਾਦ ਸੱਜਣਾ ਵੇ ਤੇਰੀ ਆਈ ਵੇ, ਅੱਖੀਆਂ ਨੂੰ ਰੋਣਾ ਪੈ ਗਿਆ' ਗੀਤ ਰਾਹੀਂ ਪਛਾਣ ਬਣੀ। ਪਹਿਲਾਂ ਪੱਪੀ ਮੰਗਲੀ ਵਾਲਾ ਲਿਖਦਾ ਸੀ, ਹਰਬਖ਼ਸ਼ ਟਾਹਲੀ ਨੇ ਦੀਪ ਮੰਗਲੀ ਨਾਮ ਦਿੱਤਾ। ਲਿਖਣਾ ਉਸਦੇ ਰੂਹ ਦੀ ਖ਼ੁਰਾਕ ਹੈ।*

ਭਾਵੇਂ ਸੋਹਣਿਆਂ ਤੂੰ ਸਾਡੇ ਨਾਲੋਂ ਮੋੜ ਲਿਆ ਮੁੱਖ
ਸਾਰੀ ਉਮਰ ਸਤਾਊ ਤੇਰੇ ਜਾਣ ਦਾ ਵੇ ਦੁੱਖ
ਸਾਥੋਂ ਭੁਲਿਆ ਨਈਂ ਜਾਣਾ ਜਿਊਣ ਜੋਗਿਆ,
ਤੂੰ ਕਦੇ ਸਾਡਾ ਪਿਆਰ ਹੁੰਦਾ ਸੀ।
ਦੁੱਖ ਵਿਛੜੇ ਗੁਆਂਢੀ ਦਾ ਵੀ ਚੰਦਰਾ,
ਵੇ ਤੂੰ ਤਾਂ ਸਾਡਾ ਯਾਰ ਹੁੰਦਾ ਸੀ।

ਕਦਮਾਂ 'ਚ ਤੇਰੇ ਅਸੀਂ ਵਾਰ ਦਿੰਦੇ ਜਿੰਦ,
ਪਰ ਜੱਗ ਨੂੰ ਨਾ ਇਹ ਮਨਜ਼ੂਰ ਵੇ।
ਦੌਲਤਾਂ ਦੀ ਤਕੜੀ 'ਚ ਉੱਤਰੇ ਨਾ ਪੂਰੇ,
ਬਸ ਇਕੋ ਇਕ ਸਾਡਾ ਇਹ ਕਸੂਰ ਵੇ।
ਸਾਥੋਂ ਖੋਹ ਲਿਆ ਹੈ ਚੰਦਰੇ ਜਹਾਨ ਨੇ,
ਜੋ ਸਾਡਾ ਦਿਲਦਾਰ ਹੁੰਦਾ ਸੀ।
ਦੁੱਖ ਵਿਛੜੇ ਗੁਆਂਢੀ ਦਾ ਵੀ ਚੰਦਰਾ....

ਕਿਹੋ ਜਿਹੀ ਝੁੱਲੀ ਇਹ ਜੁਦਾਈਆਂ ਦੀ ਹਨੇਰੀ,
ਸਾਡੀ ਜ਼ਿੰਦਗੀ ਨੂੰ ਰੱਖ ਗਈ ਉਜਾੜ ਕੇ।
ਮੈਨੂੰ ਪੁੱਛੇ ਕੋਈ ਰੱਬ ਸੁੱਟਦਾ ਏ ਕਿਵੇਂ ਗੁੱਡੀ,
ਉੱਚੇ ਅੰਬਰਾਂ ਦੇ ਵਿਚ ਚਾੜ੍ਹ ਕੇ।
ਸੂਲ ਬਣ ਕੇ ਕਲੇਜੇ ਵਿਚ ਖੁੱਭਿਆ,
ਫੁੱਲਾਂ ਦਾ ਜਿਹੜਾ ਹਾਰ ਹੁੰਦਾ ਸੀ।
ਦੁੱਖ ਵਿਛੜੇ ਗੁਆਂਢੀ ਦਾ ਵੀ ਚੰਦਰਾ.....

ਧੁੰਧਲੀ ਨਾ ਹੋਈ ਕਦੇ ਤੇਰੀ ਤਸਵੀਰ,
ਜਿਹੜੀ ਦਿਲ ਵਿਚ ਸਾਡੇ ਤੂੰ ਬਣਾ ਗਿਆ।
ਭਲਾ ਹੋਵੇ ਤੇਰਾ ਸਾਡੇ ਜਿਊਂਦਿਆਂ ਮੜ੍ਹੀ ਉੱਤੇ,
ਦੀਵਾ ਵੇ ਤੂੰ ਸੱਜਣਾ ਜਗਾ ਗਿਆ।
'ਦੀਪ ਮੰਗਲੀ' ਤੂੰ ਕਦੇ ਸਾਡੇ ਸਾਹਾਂ ਦਾ,
ਵੇ ਚੰਨਾ ਪਹਿਰੇਦਾਰ ਹੁੰਦਾ ਸੀ।
ਦੁੱਖ ਵਿਛੜੇ ਦਾ ਗੁਆਂਢੀ ਦਾ ਵੀ ਚੰਦਰਾ....।

ਤੁਰ ਚੱਲੇ ਤੈਥੋਂ ਦੂਰ ਵੇ ਸੱਜਣਾ,
ਪਿਆਰ ਤੇਰੇ ਨਾਲ ਪਾ ਕੇ।
ਰੱਬ ਮਿਲਾਇਆ ਫੇਰ ਦੁਬਾਰਾ,
ਮਿਲਾਂਗੇ ਤੈਨੂੰ ਆ ਕੇ।

ਹੋ ਸਕਿਆ ਤਾਂ ਮਾਫ਼ ਕਰੀਂ,
ਅਸਾਂ ਜੋ ਵੀ ਗ਼ਲਤੀ ਕੀਤੀ ਵੇ।
ਆਪਣੇ ਆਪ ਦੀ ਹੋਸ਼ ਰਹੀ ਨਾ,
ਨੈਣਾਂ ’ਚੋਂ ਤੇਰੇ ਪੀਤੀ ਵੇ।
ਤੈਂ ਤਾਂ ਦੁਖੜੇ ਮੁੱਲ ਲੈ ਲਏ,
ਹੱਥੀਂ ਆਪ ਪਿਲਾ ਕੇ।

ਕਸਮ ਹੈ ਤੈਨੂੰ ਪਿਆਰ ਸਾਡੇ ਦੀ,
ਬੈਠ ’ਕੱਲਾ ਕਦੇ ਰੋਵੀਂ ਨਾ।
ਯਾਦ ਸਾਡੀ ਨੂੰ ਹੰਝੂਆਂ ਦੇ ਨਾਲ,
ਦਿਲ ਆਪਣੇ ਵਿਚੋਂ ਧੋਵੀਂ ਨਾ।
ਹੰਝੂ ਤੇਰੇ ਯਾਦ ਸਾਡੀ ਨੂੰ,
ਲੈ ਜਾਣ ਨਾ ਕਿਤੇ ਵਹਾ ਕੇ।

ਹੋਈ ਏ ਰੂਹ ਵੱਖ ਪਿੰਜਰੇ ਤੋਂ,
ਘੜੀਆਂ ਉਹ ਹੁਣ ਆਈਆਂ ਨੇ।
ਜਿਉਂਦੇ ਰਹਿ ਅੱਜ ਮਰਨਾ ਪੈਣਾ,
ਸੱਜਣਾ ਇਹੋ ਜੁਦਾਈਆਂ ਨੇ।
ਸਭ ਸ਼ਿਕਵੇ ਕਰ ਦੂਰ ਤੂੰ,
ਮੈਨੂੰ ਘੁੱਟ ਸੀਨੇ ਨਾਲ ਲਾ ਕੇ।

ਆ ਸੱਜਣਾ ਹੁਣ ਗਲ਼ ਮਿਲੀਏ,
ਕਾਇਮ ਰਹੇ ਸਾਡੀ ਯਾਰੀ ਵੇ।
ਦੇਖ ਵਿਛੋੜੇ ਪਾਉਣ ਵਾਲੀ ਨੇ,
ਕੂਕ ਦੂਰੋਂ ਹੈ ਮਾਰੀ ਵੇ।
ਹੈ ਚੱਲਿਆ ਤੈਥੋਂ ਦੂਰ ‘ਦੀਪ’
ਹੁਣ ਪਲ ਵਿਚ ਹੱਥ ਮਿਲਾ ਕੇ।



ਪੰਡਤਾਂ ਤਾਂ ਤੋਂ ਪੁਛਿਆ ਪਵਾਉਂਦਾ ਸੀ ਮੈਂ ਨਿੱਤ।
ਆਪਣੇ ਹੀ ਘਰ ’ਚ ਨਾ ਲਗਦਾ ਸੀ ਚਿੱਤ।
ਅੱਜ ਕੱਲ੍ਹ ਰਹਿੰਦੀਆਂ ਉਦਾਸ ਚੱਤੋ ਪਹਿਰ,
ਜਿਨਾਂ ਅੱਖਾਂ ’ਚ ਵਿਦੇਸ਼ਾਂ ਦੇ ਸੀ ਰੰਗ ਵਸਦੇ।
ਹੁਣ ਕਿਹੜੇ ਜੋਤਸ਼ੀ ਤੋਂ ਪੁੱਛਾਂ ਅੰਮੀਏਂ,
ਜਿਹੜਾ ਵਤਨਾ ਨੂੰ ਮੁੜਨੇ ਦਾ ਢੰਗ ਦਸ ’ਦੇ।

ਮੈਨੂੰ ਵਾਜਾਂ ਮਾਰਦਾ ਹੀ ਤੁਰ ਗਿਆ ਜਹਾਨੋਂ,
ਮੁੱਖ ਦੇਖਣਾ ਨਸੀਬ ਨਾ ਸੀ ਬਾਪ ਦਾ।
ਦੌਲਤਾਂ ਦੀ ਦੌੜ ਮੈਨੂੰ ਐਨਾ ਦੂਰ ਲੈ ਗਈ,
ਜਿਥੋਂ ਮੁੜਨਾ ਵੀ ਸੌਖਾ ਨਹੀਂ ਜਾਪਦਾ।
ਬੇਬਸ ਜਿਹਾ ਹੋ ਕੇ ਰਹਿ ਗਿਆ ਮੈਂ ਇਥੇ,
ਰਿਹਾ ਕੁਝ ਵੀ ਨਾ ਵਿਚ ਹੁਣ ਮੇਰੇ ਵਸ ਦੇ।
ਹੁਣ ਕਿਹੜੇ ਜੋਤਸ਼ੀ ਤੋਂ ਪੁੱਛਾਂ ਅੰਮੀਏਂ.....

ਜਿਥੋਂ ਦੂਰ ਜਾਣ ਦੇ ਲਈ ਸੁੱਖਾਂ ਨਿੱਤ ਸੁੱਖਦਾ ਸੀ,
ਯਾਦ ਉਸ ਘਰ ਦੀ ਸਤਾਉਂਦੀ ਏ।
ਪਿੰਡ ਦੀ ਉਹ ਸੱਥ, ਯਾਰ-ਬੇਲੀਆਂ ਨੂੰ ਚੇਤੇ ਕਰ,
ਅੱਖ ਮੇਰੀ ਨਿੱਤ ਭਰ ਆਉਂਦੀ ਏ।
ਮੰਗਾਂ ਮੈਂ ਦੁਆਵਾਂ ਰੱਬ ਦੁੱਖ ਨਾ ਦਿਖਾਵੇ,
ਮੇਰੇ ਵਤਨਾਂ ਦੇ ਲੋਕ ਸਦਾ ਰਹਿਣ ਹੱਸਦੇ।
ਹੁਣ ਕਿਹੜੇ ਜੋਤਸ਼ੀ ਨੂੰ ਪੁੱਛਾਂ ਅੰਮੀਏਂ.....

ਰਹਿ ਕੇ ਪਤਾ ਲੱਗਦਾ ਬਿਗਾਨਿਆਂ ਦੇ ਵਿਚ,
ਹੁੰਦਾ ਫ਼ਰਕ ਕੀ ਆਪਣੇ ਤੇ ਗ਼ੈਰ ਦਾ।
ਠੰਢੀ ਜਿਹੀ ਛਾਂ ਫਿਰ ਮਾਂ ਚੇਤੇ ਆਉਂਦੀ,
ਪੈਂਦਾ ਸੇਕ ਜਦੋਂ ਦੁੱਖਾਂ ਦੀ ਦੁਪਹਿਰ ਦਾ।
‘ਦੀਪ ਮੰਗਲੀ’ ਦੇ ਵਾਂਗੂੰ ਹੋਰ ਵੀ ਬਥੇਰੇ,
ਘਰੋਂ ਪੈਰ ਪੁੱਟ ਜਿਹੜੇ ਨੇ ਕਸੂਤੇ ਫਸਦੇ।
ਹੁਣ ਕਿਹੜੇ ਜੋਤਸ਼ੀ ਨੂੰ ਪੁੱਛਾਂ ਅੰਮੀਏ.....

ਵਿਛੜ ਗਿਆ ਦਿਲਦਾਰ ਅਸਾਂ ਦਾ।
ਛੱਡ ਕੇ ਤੁਰ ਗਿਆ ਯਾਰ ਅਸਾਂ ਦਾ।
ਹੋ ਅੱਖੀਆਂ ਤੋਂ ਦੂਰ ਗਿਆ।
ਸਾਡੇ ਦਿਲ ਦਾ ਸ਼ੀਸ਼ਾ
ਕਰਕੇ ਚਕਨਾਚੂਰ ਗਿਆ।

ਕਹਿੰਦੇ ਸੀ ਅਸੀਂ ਰੋਜ਼ ਉਸਨੂੰ
ਟੁੱਟੇ ਦਿਲ ਨਈਂ ਜੁੜਦੇ।
ਲੰਘ ਜਾਂਦੇ ਇਕ ਵਾਰ ਜੋ ਪਾਣੀ,
ਫੇਰ ਨਾ ਸੱਜਣਾ ਮੁੜਦੇ।
ਰੱਬ ਜਾਣੇ ਉਹ ਕਿਹੜੀ ਗੱਲੋਂ
ਹੋ ਐਡਾ ਮਗ਼ਰੂਰ ਗਿਆ।

ਪਿਆਰ ਪਾਇਆ ਸੀ ਨਾਲ ਓਸ ਦੇ,
ਜੱਗ ਨੂੰ ਦਿਲੋਂ ਭੁਲਾ ਕੇ।
ਉਸ ਨੇ ਸਾਡੀ ਸਾਰ ਲਈ ਨਾ,
ਦੂਰ ਅਸਾਂ ਤੋਂ ਜਾ ਕੇ।
ਪਤਾ ਨਹੀਂ ਕੀ ਗ਼ਲਤੀ ਹੋ ਗਈ,
ਦੱਸ ਨਾ ਕੋਈ ਕਸੂਰ ਗਿਆ।

ਪਿਆਰ ਪਾ ਕੇ ਭੁੱਲ ਜਾਣ ਵਾਲਿਆ,
ਧੰਨ ਏ ਜਿਗਰਾ ਤੇਰਾ।
ਕਸਮਾਂ ਵਾਅਦੇ ਭੁੱਲ ਗਿਉਂ ਪਲ ਵਿਚ,
ਦੂਰ ਲਾ ਲਿਆ ਡੇਰਾ।
ਦਸਦੇ ਕਿਹੜੀ ਗੱਲ ਤੋਂ ਸੱਜਣਾ,
ਹੋ ਐਨਾ ਮਜਬੂਰ ਗਿਆ।

ਜਿਥੇ ਵਸਦਾਂ ਮਾਣ ਜੁਆਨੀਆਂ,
ਕਰਦੇ ਅਸੀਂ ਦੁਆਵਾਂ।
ਕਦੇ ਵੀ ਤੈਨੂੰ 'ਮੰਗਲੀ ਵਾਲਿਆ'
ਲੱਗਣ ਨਾ ਤੱਤੀਆਂ ਵਾਵਾਂ।
ਹਾਉਕੇ ਹਾਵੇ ਭਰਨ ਲਈ ਤੂੰ,
ਸਾਨੂੰ ਕਰ ਮਜਬੂਰ ਗਿਆ।



ਐਸੀ ਯਾਦ ਸੱਜਣਾਂ ਵੇ ਤੇਰੀ ਆਈ ਵੇ,
ਅੱਖੀਆਂ ਨੂੰ ਰੋਣਾਂ ਪੈ ਗਿਆ।
ਭੈੜੀ ਮੌਤ ਨਾਲੋਂ ਪਿਆਰ 'ਚ ਜੁਦਾਈ ਵੇ,
ਅੱਖੀਆਂ ਨੂੰ ਰੋਣਾਂ ਪੈ ਗਿਆ।

ਯਾਦ ਤੇਰੀ ਨੇ ਸੁਣ ਸੱਜਣਾਂ ਸਾਡੇ,
ਦਿਲ ਨੂੰ ਬਹੁਤ ਸਤਾਇਆ ਵੇ।
ਹਾਉਕੇ ਭਰਦੀਆਂ ਅੱਖੀਆਂ 'ਤੇ
ਤੈਨੂੰ ਤਰਸ ਰਤਾ ਨਾ ਆਇਆ ਵੇ।
ਹੰਝੂ ਆ ਕੇ ਦੇਖ ਡੁੱਲ੍ਹਦੇ,
ਜਿਹੜੇ ਬੈਠਾ ਸੀ ਮੈਂ ਜੱਗ ਤੋਂ ਛੁਪਾਈ।
ਅੱਖੀਆਂ ਨੂੰ ਰੋਣਾ ਪੈ ਗਿਆ....

ਬਾਝ ਤੇਰੇ ਸਾਨੂੰ ਜੱਗ ਦੀ ਰੌਣਕ,
ਰਤਾ ਚੰਗੀ ਨਾ ਲਗਦੀ ਵੇ।
ਬਿਨਾਂ ਤੇਲ ਦੇ ਬਣ ਕੇ ਦੀਪਕ,
ਜਿੰਦੜੀ ਅਸਾਂ ਦੀ ਜਗਦੀ ਵੇ।
ਸਾਨੂੰ ਭੁੱਲ ਜਾਣ ਵਾਲ਼ਿਆ,
ਕਿਹੜੀ ਦੇ 'ਤੀ ਤੈਨੂੰ ਰੱਬ ਨੇ ਖ਼ੁਦਾਈ।
ਅੱਖੀਆਂ ਨੂੰ ਰੋਣਾ ਪੈ ਗਿਆ....

ਕੀਤੇ ਵਾਅਦੇ, ਝੂਠਿਆ ਤੇਰੇ
ਨਹੀਂ ਅਜੇ ਤੱਕ ਭੁੱਲਦੇ ਵੇ।
ਕਰਕੇ ਤੈਨੂੰ ਯਾਦ ਸੋਹਣਿਆ,
ਨੈਣ ਨੇ ਛਮ ਛਮ ਡੁੱਲ੍ਹਦੇ ਵੇ।
ਗੱਲਾਂ ਵਿਚ ਆ ਕੇ ਤੇਰੀਆਂ,
ਅਸਾਂ ਲੋਕਾਂ ਤੋਂ ਕਹਾ ਲਿਆ ਸ਼ੁਦਾਈ।
ਅੱਖੀਆਂ ਨੂੰ ਰੋਣਾ ਪੈ ਗਿਆ....

ਯਾਦ ਨਿਮਾਣਿਆ ਦੀ ਸੱਜਣਾ,
ਤੈਨੂੰ ਵੀ ਕਦੇ ਸਤਾਊਗੀ।
ਬੈਠ ਰਾਤ ਨੂੰ ਰੋਵੇਂਗਾ
ਨੀਂਦਰ ਖੰਭ ਲਾ ਕੇ ਉੱਡ ਜਾਊਗੀ।
ਕਦੇ ਤਾਂ 'ਦੀਪ' ਯਾਦ ਆਊਗਾ,
ਜਿਹੜਾ ਬੈਠਾ ਤੈਨੂੰ ਦਿਲ 'ਚ ਲੁਕਾਈ।
ਅੱਖੀਆਂ ਨੂੰ ਰੋਣਾ ਪੈ ਗਿਆ...



# ਰੋਮੀ ਬੈਂਸ



ਪਿਤਾਃ ਸ. ਕੁਲਦੀਪ ਸਿੰਘ ਬੈਂਸ
ਮਾਤਾਃ ਸ੍ਰੀਮਤੀ ਬਿਅੰਤ ਕੌਰ
ਜਨਮ ਸਥਾਨਃ ਕਾਲੂਵਾਰ (ਜ਼ਿਲ੍ਹਾ ਹੁਸ਼ਿਆਰਪੁਰ)
ਜਨਮ ਤਰੀਕਃ 17 ਸਤੰਬਰ 1968
ਮੁਢਲੀ ਵਿਦਿਆਃ ਗੌਰਮਿੰਟ ਪ੍ਰਾਇਮਰੀ ਸਕੂਲ ਖਰਲਾਂ
ਸਿਰਨਾਵਾਂਃ 38, Hampton Lane Willingporo
NJ-08046
ਫੋਨ ਨੰਬਰਃ (609) 871-6559

*ਦੇਬੀ ਮਖਸੂਸਪੁਰੀ ਦੇ ਪ੍ਰਭਾਵ ਹੇਠ ਆ ਕੇ 1996 ਵਿਚ ਲਿਖਣਾ ਸ਼ੁਰੂ ਕੀਤਾ। ਗੀਤ ਅਤੇ ਗ਼ਜ਼ਲਾਂ ਲਿਖਦਾ ਹੈ। ਅਜਿਹੇ ਗੀਤ ਲਿਖਣ ਦੀ ਕੋਸ਼ਿਸ਼ ਕਰਦਾ ਹੈ, ਜੋ ਲੱਚਰਤਾ ਤੋਂ ਕੋਹਾਂ ਦੂਰ ਹੋਣ। ਹਰ ਕੋਈ ਗੀਤ ਸੁਣ ਸਕੇ ਤੇ ਮਾਣ ਸਕੇ।*

ਮੇਰਾ ਰਾਂਝਣ ਇਸ਼ਕ ਉਜਾੜ ਗਿਆ
ਜਿੰਦ ਪੈਰਾਂ ਹੇਠ ਲਿਤਾੜ ਗਿਆ

ਦੁੱਖ ਦਰਦ ਲੁਕਾਵਾਂ ਕਿਸ ਪਾਸੇ
ਜਾਂ ਈਦ ਮਨਾਵਾਂ ਕਿਸ ਪਾਸੇ
ਮੈਨੂੰ ਹਿਜਰ ਦੀ ਸੂਲੀ ਚਾੜ੍ਹ ਗਿਆ
ਮੇਰਾ ਰਾਂਝਣ...।

ਮੈਨੂੰ ਝੱਲੀ ਕਮਲੀ ਕਹਿੰਦੇ ਲੋਕ
ਜੁੜ ਜਿਥੇ ਵੀ ਚਾਰ ਬਹਿੰਦੇ ਲੋਕ
ਚਾਅ ਦਿਲ ਦੇ ਨਦੀਏ ਹਾੜ ਗਿਆ
ਮੇਰਾ ਰਾਂਝਣ...।

ਕੈਸੇ ਲਿਖੇ ਰੱਬ ਨਸੀਬ ਮੇਰੇ
ਨਾ ਰਾਂਝਣ ਰਿਹਾ ਕਰੀਬ ਮੇਰੇ
ਰੱਤ ਗ਼ਮਾਂ ਦੇ ਚੁੱਲ੍ਹੇ ਸਾੜ ਗਿਆ
ਮੇਰਾ ਰਾਂਝਣ...।

ਮੇਰੇ ਰੋਂਦੇ ਨੈਣ ਸਮਝਾਵੇ ਕੌਣ
ਮੋੜ 'ਰੋਮੀ' ਘਰੇ ਲਿਆਵੇ ਕੌਣ
ਵਾਂਗ ਦਾਨਿਆਂ ਭੱਠੀ ਰਾੜ੍ਹ ਗਿਆ
ਮੇਰਾ ਰਾਂਝਣ...।

ਆ ਘਰ ਦੀ ਨਬੇੜੀਏ ਨੀ
ਘਰ ਬਹਿ ਕੇ ਆਪਾਂ
ਇਕ ਤੂੰ ਇਕ ਮੈਂ
ਕੋਈ ਤੀਆ ਨਈਂ ਰਲਾਉਣਾ
ਆਪਾਂ ਜੱਗ ਨੀ ਹਸਾਉਣਾ
ਬੀਬਾ ਸ਼ੋਰ ਨਹੀਂ ਮਚਾਉਣਾ

ਫਿਰੇਂ ਖਿੜੀ, ਸੜੀ ਭੁੱਜੀ ਨੀ
ਕਿਉਂ ਫਿਕਰਾਂ 'ਚ ਡੁੱਬੀ
ਤੇਰੇ ਮੱਥੇ ਦੀ ਤਿਊੜੀ
ਮੇਰੇ ਕਾਲਜੇ 'ਚ ਖੁੱਭੀ
ਹੋਰ ਵੇਲਾ ਨਈਂ ਗਵਾਉਣਾ
ਆਪਾਂ ਮਜ੍ਹਮਾਂ ਨਈਂ ਲਾਉਣਾ
ਆਪਾਂ...।

ਮੇਰੇ ਵਿਹੜੇ ਦਾ ਸ਼ਿੰਗਾਰ
ਤੂੰ ਜ਼ਿੰਦਗੀ ਏਂ ਮੇਰੀ
ਤੇਰੇ ਹੱਥ ਡੋਰ ਮੇਰੀ
ਮੇਰੇ ਹੱਥ ਡੋਰ ਤੇਰੀ
ਨਹੀਂ ਤੰਦ ਉਲਝਾਉਣਾ
ਇਹ ਬੜਾ ਔਖਾ ਸੁਲਝਾਉਣਾ
ਆਪਾਂ...।

ਮੇਰੇ ਦੁੱਖਾਂ ਦੀ ਤੂੰ ਸਾਂਝੀ
ਮੈਂ ਤੇਰੇ ਦੁੱਖਾਂ 'ਚ ਸ਼ਰੀਕ
ਗਿਲੇ ਸ਼ਿਕਵੇ ਮੁਕਾਈਏ
ਆ ਜਾ ਅੱਜ ਦੀ ਤਰੀਕ
ਅੱਗੇ ਹੋਰ ਨਈਂ ਵਧਾਉਣਾ
'ਰੋਮੀ' ਇਥੇ ਹੀ ਮੁਕਾਉਣਾ
ਆਪਾਂ...।



ਪਾਇਆ ਬਲ਼ਦੀ 'ਤੇ ਤੇਲ
ਚੜ੍ਹੀ ਹਿਜਰਾਂ ਦੀ ਰਾਤ
ਨਾਲ ਅੰਮੜੀ ਦੇ ਹੋਈ
ਖ਼ਾਬ ਵਿਚ ਮੁਲਾਕਾਤ
ਸਾਰੀ ਦੱਸ ਦਿੱਤੀ ਰੋ ਰੋ
ਪਰਦੇਸੀ ਦੀ ਕਹਾਣੀ
ਨਦੀ ਵਾਂਗ ਵਗਦਾ ਸੀ
ਅੱਖੀਆਂ 'ਚੋਂ ਪਾਣੀ

ਸਮਾਂ ਵੀ ਖਲੋਇਆ, ਰੁਕੀ ਵਗਦੀ ਹਵਾ
ਤਾਰਿਆਂ ਦੇ ਨਾਲ਼ ਚੰਨ ਬਣਿਆ ਸਵਾਹ
ਨਿੱਘ ਵਾਲੀ ਲੋਈ ਉੱਤੇ ਅੰਬਰ ਨੇ ਤਾਣੀ
ਨਦੀ ਵਾਂਗ...।

ਰੱਖ ਸਿਰ ਉੱਤੇ ਹੱਥ ਦਿਲਾਸੇ ਮਾਂ ਦਿੰਦੀ ਸੀ
ਭੋਗ ਉਮਰਾਂ ਦੇ ਲੇਖੇ ਪਿਆਰ ਨਾਲ ਕਹਿੰਦੀ ਸੀ
ਰੱਬ ਦੀ ਰਜ਼ਾ 'ਚ ਪੈਣੀ ਜ਼ਿੰਦਗੀ ਬਿਤਾਣੀ
ਨਦੀ ਵਾਂਗ...।

ਬੁੱਢੇ ਬਾਪ ਬਾਰੇ, ਜਦ ਪੁੱਛਿਆ ਸਵਾਲ ਸੀ
ਲੰਮਾ ਜਿਹਾ ਹਾਉਕਾ ਭਰ ਗਈ ਮਾਂ ਟਾਲ ਸੀ
ਚਿੱਟੀ ਚੁੰਨੀ ਉੱਤੋਂ ਸਾਰੀ ਗੱਲ ਮੈਂ ਪਛਾਣੀ
ਨਦੀ ਵਾਂਗ...।

ਦੋ ਟੁੱਕਾਂ ਲਈ ਹੋਏ ਕੀ ਵਤਨਾਂ ਤੋਂ ਦੂਰ ਆਂ
ਹੱਸਣਾ ਤਾਂ ਦੂਰ 'ਰੋਮੀ' ਰੋਣੋਂ ਮਜਬੂਰ ਆਂ
ਹੋ ਗਈ ਸਵੇਰ ਉੱਡ ਗਈ ਨੀਂਦ ਰਾਣੀ
ਨਦੀ ਵਾਂਗ...।

ਸਤਲੁਜ ਦਾ ਪਾਣੀ ਪੁੱਛਦਾ ਏ
ਬਿਰਛਾਂ ਦੀਆਂ ਸੋਗੀ ਛਾਵਾਂ ਨੂੰ
ਇਹ ਅਸਤ ਕਿੰਨਾਂ ਦੇ ਤਰਦੇ ਨੇ
ਜੋ ਤੜਫਾ ਕੇ ਤੁਰ ਗਏ ਮਾਵਾਂ ਨੂੰ

ਕਿਸ ਬਾਪ ਦਾ ਝੁੱਗਾ ਉਜੜ ਗਿਆ
ਘਰ ਜਲ਼ਦਾ ਨਜ਼ਰੀਂ ਆਇਆ ਏ
ਕਿਸ ਮਾਂ ਦੇ ਮੌਤ ਕੁਲਹਿਣੀ ਨੇ
ਅੱਜ ਹੱਥ ਕਾਲਜੇ ਪਾਇਆ ਏ
ਅੱਜ ਭੈਣਾਂ ਖੜ੍ਹੀਆਂ ਤਰਸਦੀਆਂ
ਦੇਖਣ ਲਈ ਸਕੇ ਭਰਾਵਾਂ ਨੂੰ

ਕੁਝ ਗਿੱਲੀਆਂ ਗਿੱਲੀਆਂ ਲਕੜਾਂ ਨੇ
ਕੁਝ ਜ਼ਹਿਰ ਲਪੇਟੇ ਕੋਲੇ ਨੇ
ਕੁਝ ਦੇਸ਼ ਦੇ ਹਾਕਮ ਅੰਨੇ ਨੇ
ਕੁਝ ਦੇਸ਼ ਦੇ ਹਾਕਮ ਬੋਲੇ ਨੇ
ਹੰਸਾਂ ਤੋਂ ਮੋਤੀ ਖੋਹ ਖੋਹ ਕੇ
ਪਾਏ ਗਏ ਕਾਲ਼ੇ ਕਾਵਾਂ ਨੂੰ

ਕੈਸੇ ਸਿਰਲੱਥ ਵਪਾਰੀ ਨੇ
ਜਿਹਨਾਂ ਜਾਨ ਨੂੰ ਸਸਤੀ ਕੀਤਾ ਏ
ਇਹ ਤਿੰਨਾਂ ਨੇ ਜਾਮ ਸ਼ਹੀਦੀ ਦਾ
ਚੁੱਕ ਸ਼ਰਬਤ ਵਾਂਗੂੰ ਪੀਤਾ ਏ
ਇਹ ਲਾੜੇ ਨਾਰ ਆਜ਼ਾਦੀ ਦੇ
ਆਏ ਛੱਡ ਕੇ ਵਿੱਚੇ ਲਾਵਾਂ ਨੂੰ

ਜਦੋਂ 'ਰੋਮੀ' ਅਸਤ ਸ਼ਹੀਦਾਂ ਦੇ
ਸਤਲੁਜ ਦੇ ਨੀਰ 'ਚ ਸੁੱਟੇ ਗਏ
ਭਾਰਤ 'ਤੇ ਰਾਜ ਬਿਗਾਨਾ ਸੀ
ਪਾਪਾਂ ਦੇ ਬੂਟੇ ਪੁੱਟੇ ਗਏ
ਜੁੱਗਾਂ ਤੱਕ ਸੀਸ ਝੁਕਾਵੇਗੀ
ਕੁਲ ਹਿੰਦ ਤਿੰਨਾਂ ਦੇ ਨਾਵਾਂ ਨੂੰ



ਅੰਬਰ ਧਰਤੀ ਮਾਰਨ ਕੂਕਾਂ
ਵੇਖ ਪੱਤ ਕੂੰਜ ਦੀ ਲੁੱਟ ਹੋ ਗਈ
ਕੋਹ ਕੋਹ ਮਾਰਿਆ ਲਾਲ ਕਿਸੇ ਦਾ
ਜੜ੍ਹ ਜੱਗ ਤੋਂ ਪੁੱਟ ਹੋ ਗਈ
ਦੇਖ ਕਿਸੇ ਦਾ ਬਾਲ ਵਿਲਕੇ
ਦੇ ਢਿੱਡ 'ਚ ਮੁੱਕੀ ਮਾਂ ਤੜਫੇ
ਮੇਰੇ ਮੁਲਖ ਦੇ ਟੋਟੇ ਹੋ ਗਏ
ਇਹ ਦਿਲ ਵਿਚਾਰਾ ਤਾਂ ਤੜਫੇ

ਲਹੌਰ, ਦਿੱਲੀ, ਕੀ ਢਾਕਾ ਨਿਖੜੇ
ਡੁੱਲ੍ਹੀ ਰੱਤ ਇਨਸਾਨਾਂ ਦੀ
ਪਈ ਕੀਰਨੇ ਪਾਏ ਮਾਂ ਬੋਲੀ
ਅੱਜ ਵੱਖ ਵੱਖ ਜ਼ਬਾਨਾਂ ਦੀ
ਜੇ ਇਧਰ ਹਿੰਦੋਸਤਾਂ ਧੁਖਦਾ
ਤਾਂ ਉਧਰ ਪਾਕਿਸਤਾਂ ਤੜਫੇ
ਮੇਰੇ ਮੁਲਕ ਦੇ.....।

ਚੰਨ, ਸੂਰਜ, ਤਾਰੇ ਨਹੀਂ ਬਦਲੇ
ਨਾ ਚਹਿਕਣਾ ਚਿੜੀਆਂ ਕਾਵਾਂ ਦਾ
ਬਸ ਭਰਮ ਭੁਲੇਖੇ ਨਾਵਾਂ ਦੇ
ਜਾਂ ਹੇਰ ਫੇਰ ਕੁਝ ਥਾਵਾਂ ਦਾ
ਜੇ ਕੇਰੇ ਸ਼ਹਿਰਾਂ ਮਣ ਮਣ ਹੰਝੂ
ਤਾਂ ਕਿਹੜੇ ਘੱਟ ਗਿਰਾਂ ਤੜਫੇ
ਮੇਰੇ ਮੁਲਕ ਦੇ...।

ਰੱਬ ਦੇ ਨਾਂ 'ਤੇ ਰੱਬ ਦੇ ਜਾਇਆਂ
ਰੱਬ ਦੇ ਈ ਵੰਡੇ ਪਾ ਲਏ ਨੇ
ਬੋਲ ਮਿੱਠੇ 'ਰੋਮੀ' ਸ਼ਰਬਤ ਵਰਗੇ
ਅੱਜ ਅੱਕੋਂ ਕੌੜੇ ਬਣਾ ਲਏ ਨੇ
ਕਿਤੇ ਕੰਡੇ ਫਿੱਸੇ ਕਿਕਰਾਂ ਦੇ
ਤਾਂ ਕਿਤੇ ਬੋਹੜ ਦੀ ਛਾਂ ਤੜਫੇ
ਮੇਰੇ ਮੁਲਕ ਦੇ...।

ਲੱਖਾਂ ਲੋਕ ਤਾਂ ਉਜੜੇ ਤੱਕੇ ਆ
ਭਾਵੇਂ ਨਹੀਂ ਤੱਕਿਆ ਬਟਵਾਰਾ ਮੈਂ
ਪਰ ਬਾਬੇ ਕੋਲੋਂ ਮੰਗ ਲਿਆ ਏ
ਹਿਜਰ ਦਾ ਦਰਦ ਉਧਾਰਾ ਮੈਂ
ਰਾਮ, ਮੁਹੰਮਦ ਸਿੰਘ ਪੀਟਰ
ਪਿਆ ਹਰ ਮਜ਼ਹਬ ਦਾ ਨਾਂ ਤੜਫੇ
ਮੇਰੇ ਮੁਲਕ ਦੇ...।



# ਤਜਿੰਦਰ ਨੰਗਲ



ਪਿਤਾ: ਸ. ਰਣਧੀਰ ਸਿੰਘ
ਮਾਤਾ: ਸ੍ਰੀਮਤੀ ਦਲਜੀਤ ਕੌਰ
ਜਨਮ ਸਥਾਨ: ਨੰਗਲ ਲੁਬਾਣਾ (ਜ਼ਿਲ੍ਹਾ ਕਪੂਰਥਲਾ)
ਜਨਮ ਤਰੀਕ: 9 ਮਈ 1971
ਸਿਰਨਾਵਾਂ: 134-25, Frnaklin Ave. #125
Flusingh NY-11355
ਫੋਨ ਨੰਬਰ: (718) 460-5780

ਦਿਲ ਦਰਿਆ ਵਿਚ
ਹੰਝੂਆਂ ਦਾ ਪਾਣੀ ਏਂ
ਏਦਾਂ ਦੀ ਲੋਕੋ
ਮੇਰੇ ਪਿਆਰ ਦੀ ਕਹਾਣੀ ਏਂ

ਦਿਲ ਉੱਤੇ ਜ਼ਖ਼ਮ ਨੇ
ਉਹਨਾਂ ਦੀ ਬੇਵਫ਼ਾਈ ਦੇ
ਟੁੱਟੇ ਹੋਏ ਦਿਲ ਨੂੰ
ਸਵਾਲ ਨਹੀਓਂ ਪਾਈਦੇ
ਮੇਰੀ ਨਹੀਂ ਇਹ ਤਾਂ
ਹਰ ਇਕ ਦੀ ਕਹਾਣੀ ਏਂ
ਦਿਲ ਦਰਿਆ ਵਿਚ
ਹੰਝੂਆਂ ਦਾ ਪਾਣੀ ਏਂ

ਬੋਲ ਵੀ ਉਹਨਾਂ ਦੇ
ਕੰਡਿਆਂ ਦੇ ਵਾਂਗੂੰ ਚੁਭਦੇ
ਰਹਿੰਦੇ ਨੇ ਖ਼ਿਆਲ ਨਿੱਤ
ਹੰਝੂਆਂ ’ਚ ਡੁਬਦੇ
ਕਸੂਰ ਹੁੰਦਾ ਸੱਚਿਆਂ ਦਾ
ਅਖਾਣ ਪੁਰਾਣੀ ਏਂ
ਦਿਲ ਦਰਿਆ ਵਿਚ
ਹੰਝੂਆਂ ਦਾ ਪਾਣੀ ਏਂ

ਬੇਸਬਰੀ ’ਨਾ ਤਾਂਘ
ਰੋਗ ਬਣ ਗਈ ਏ
ਜ਼ਿੰਦਗੀ ਜੋਗ ਹੁੰਦੇ ਵੀ
ਵਿਯੋਗ ਬਣ ਗਈ ਏ
ਹਰ ਦੁਖੀ ਦਿਲ ਨੇ ਇਹ
ਦਾਸਤਾਂ ਸੁਣਾਣੀ ਏਂ
ਦਿਲ ਦਰਿਆ ਵਿਚ
ਹੰਝੂਆਂ ਦਾ ਪਾਣੀ ਏਂ

ਮਾਪੇ ਜਦ ਲਿਖਣ ਸ਼ਿਕਾਇਤਾਂ
ਕਰਨੀਆਂ ਕੀ ਫਿਰ ਵਾਲਾਇਤਾਂ
ਭੁਲ ਹੀ ਨਾ ਜਾਣ ਰਿਵਾਇਤਾਂ
ਚਿੰਤਾ ਸਤਾਉਂਦੀ ਐ
ਵਤਨਾਂ ਦੀ ਯਾਦ ਬਿਗਾਨੇ
ਮੁਲਕਾਂ ਵਿਚ ਆਉਂਦੀ ਐ

ਵਹੁਟੀ ਦਾ ਰਤੜਾ ਚੂੜਾ
ਰਿਹਾ ਨਾ ਰੰਗ ਉਹ ਗੂੜ੍ਹਾ
ਹੋਇਆ ਨਾ ਚਾਅ ਕੋਈ ਪੂਰਾ
ਡਾਢਾ ਘਬਰਾਉਂਦੀ ਐ
ਵਤਨਾਂ ਦੀ ਯਾਦ ਬਿਗਾਨੇ
ਮੁਲਕਾਂ ਵਿਚ ਆਉਂਦੀ ਐ

ਮੰਗੇਤਰ ਜੋ ਕਿਸੇ ਦੀ ਕਹਿੰਦੀ
ਇੰਡੀਆ ਵਿਚ ਬਣ ਬਣ ਬਹਿੰਦੀ
ਲੱਗੂ ਸ਼ਗਨਾਂ ਦੀ ਮਹਿੰਦੀ
ਦਿਲ ਨੂੰ ਸਮਝਾਉਂਦੀ ਐ
ਵਤਨਾਂ ਦੀ ਯਾਦ ਬਿਗਾਨੇ
ਮੁਲਕਾਂ ਵਿਚ ਆਉਂਦੀ ਐ



ਬਚਪਨ ਦਾ ਲਿਆ ਨਜ਼ਾਰਾ
ਭੁਲਦਾ ਨਹੀਂ ਬਹੁਤ ਪਿਆਰਾ
ਖੂਹਾਂ ’ਤੇ ਖੇਡੀ ਯਾਰਾ
ਸੀਪ ਯਾਦ ਆਉਂਦੀ ਐ
ਵਤਨਾਂ ਦੀ ਯਾਦ ਬਿਗਾਨੇ
ਮੁਲਕਾਂ ਵਿਚ ਆਉਂਦੀ ਐ

ਲੋਕੋ ਨਾ ਪਵੇ ਵਿਛੋੜਾ
ਵਿਛੜੇ ਨਾ ਕੋਈ ਵੀ ਜੋੜਾ
‘ਤਜਿੰਦਰ’ ਘਰ ਪਾ ਲੈ ਮੋੜਾ
ਅੰਮੜੀ ਬੁਲਾਉਂਦੀ ਐ
ਵਤਨਾਂ ਦੀ ਯਾਦ ਬਿਗਾਨੇ
ਮੁਲਕਾਂ ਵਿਚ ਆਉਂਦੀ ਐ

ਨਜ਼ਰੀਂ ਨਾ ਆਉਂਦਾ ਚੰਨ ਕਿਧਰੇ
ਲਗਦਾ ਹੈ ਛੁਟੀਆਂ ਮਾਰ ਗਿਆ
ਲੱਭੋ ਨੀ ਕੋਈ ਲੱਭੋ ਨੀ
ਕਿੱਧਰ ਮੇਰਾ ਦਿਲਦਾਰ ਗਿਆ

ਉਹ ਕਿਹੜੇ ਬਦਲਾਂ ਵਿਚ ਛੁਪਿਆ
ਆਕਾਸ਼ ਤਾਂ ਨਿਖਰੇ ਹੋਏ ਨੇ
ਸਭ ਪਾਸੇ ਚਾਨਣ ਹੀ ਚਾਨਣ
ਤਾਰੇ ਵੀ ਨਿਕਲੇ ਹੋਏ ਨੇ
ਖਰੇ ਫਿਰ ਵੀ ਕਿੱਦਾਂ ਲੁੱਕ ਛਿਪ ਕੇ
ਆਪਣਾ ਨੂਰ ਖਿਲਾਰ ਗਿਆ
ਲੱਭੋ ਨੀ ਕੋਈ ਲੱਭੋ ਨੀ
ਕਿੱਧਰ ਮੇਰਾ ਦਿਲਦਾਰ ਗਿਆ

ਸੁੰਨੀਆਂ ਹੋਈਆਂ ਗਲੀਆਂ ਸਭ
ਉਹ ਰੌਣਕ ਸਾਰੀ ਲੈ ਗਿਆ ਏ
ਮੇਰੇ ਹਾਸੇ ਉੱਡ ਗਏ ਬੁੱਲ੍ਹੀਆਂ ਤੋਂ
ਇਕ ਗ਼ਮ ਹੀ ਪੱਲੇ ਰਹਿ ਗਿਆ ਏ
ਜੋਬਨ ਜਦ ਸੀ ਜ਼ੋਰਾਂ 'ਤੇ
ਉਹ ਸੁੰਨੇ ਕਰ ਬਾਜ਼ਾਰ ਗਿਆ
ਲੱਭੋ ਨੀ ਕੋਈ ਲੱਭੋ ਨੀ
ਕਿੱਧਰ ਮੇਰਾ ਦਿਲਦਾਰ ਗਿਆ

ਉਹ ਕਿੰਨਾ ਕੁ ਚਿਰ ਛੁਪ ਜਾਏਗਾ
ਮੈਂ ਲੱਭ ਤਾਂ ਉਸ ਨੂੰ ਲੈਣਾ ਏ
ਇਕ ਗੱਲ ਮੈਂ ਕਹਾਂ 'ਤਜਿੰਦਰਾ' ਵੇ
ਤੈਨੂੰ ਵਾਪਸ ਆਉਣਾ ਪੈਣਾ ਏ
ਆ ਕੇ ਪੁੱਛ ਲਈਂ ਸਾਰੇ 'ਨੰਗਲ' ਤੋਂ
ਸਾਡਾ ਕਿੱਥੇ ਹਾਰ ਸ਼ਿੰਗਾਰ ਗਿਆ
ਲੱਭੋ ਨੀ ਕੋਈ ਲੱਭੋ ਨੀ
ਕਿੱਧਰ ਮੇਰਾ ਦਿਲਦਾਰ ਗਿਆ



ਲਗਦਾ ਨਾ ਦਿਲ ਹੁਣ
ਤੇਰੇ ਤੋਂ ਬਗ਼ੈਰ ਵੇ
ਆ ਜਾ ਪਿੰਡ ਮੁੜ ਕੇ
ਛੱਡ ਕੇ ਤੂੰ ਸ਼ਹਿਰ ਵੇ


ਚਾਨਣੀਆਂ ਰਾਤਾਂ ਮੈਨੂੰ
ਲਗਦੀਆਂ ਕਾਲੀਆਂ
ਸਧਰਾਂ ਤਾਂ ਮੇਰੀਆਂ
ਹਨੇਰਿਆਂ ਨੇ ਖਾ 'ਲੀਆਂ
ਸੋਚਾਂ ਵਿਚ ਲੰਘਦੇ ਨੇ
ਮੇਰੇ ਅੱਠੇ ਪਹਿਰ ਵੇ
ਲਗਦਾ ਨਾ ਦਿਲ ਹੁਣ
ਤੇਰੇ ਤੋਂ ਬਗ਼ੈਰ ਵੇ

ਹੰਝੂਆਂ ਦੀ ਪੰਡ ਚੁੱਕ
ਤੁਰਿਆ ਨਾ ਜਾਂਦਾ ਵੇ
ਹੋਰਾਂ ਵਾਂਗ ਸਾਥੋਂ ਹੁਣ
ਝੁਰਿਆ ਨਾ ਜਾਂਦਾ ਵੇ
ਚੜ੍ਹਦੀ ਜਵਾਨੀ ਉੱਤੇ
ਢਾਹ ਗਿਆਂ ਤੂੰ ਕਹਿਰ ਵੇ
ਲਗਦਾ ਨਾ ਦਿਲ ਹੁਣ
ਤੇਰੇ ਤੋਂ ਬਗ਼ੈਰ ਵੇ

ਅੱਖਾਂ ਵਿਚ ਲੈ ਕੇ ਆ ਜਾ
ਸੱਜਰੀ ਸਵੇਰ ਵੇ
ਛੇਤੀ ਆ ‘ਤਜਿੰਦਰਾ’
ਲਾਵੀਂ ਨਾ ਤੂੰ ਦੇਰ ਵੇ
ਇਥੇ ਸਭ ਆਪਣੇ ਤੇ
ਉਥੇ ਸਭ ਗ਼ੈਰ ਵੇ
ਲਗਦਾ ਨਾ ਦਿਲ ਹੁਣ
ਤੇਰੇ ਤੋਂ ਬਗ਼ੈਰ ਵੇ



# ਨਿੰਮਾ ਡੱਲੇ ਵਾਲਾ



ਪਿਤਾ: ਸ. ਸਵਰਨ ਸਿੰਘ
ਮਾਤਾ: ਸ੍ਰੀਮਤੀ ਚਰਨ ਕੌਰ
ਜਨਮ ਸਥਾਨ: ਡੱਲਾ (ਜ਼ਿਲ੍ਹਾ ਰੋਪੜ)
ਜਨਮ ਤਰੀਕ: 24 ਮਈ 1975
ਮੁਢਲੀ ਵਿਦਿਆ: ਗੌਰਮਿੰਟ ਪ੍ਰਾਇਮਰੀ ਸਕੂਲ, ਡੱਲਾ
ਸਿਰਨਾਵਾਂ: 101-56, 118 Street
S. Richmond Hill
NY-11419
ਫੋਨ ਨੰਬਰ: (917) 325-1621

*ਪੜ੍ਹਦੇ ਪੜ੍ਹਦੇ ਨੂੰ ਹੀ ਲਿਖਣ ਦਾ ਸ਼ੌਕ ਪੈ ਗਿਆ। ਉਹ ਗੀਤ ਅਤੇ ਰੁਬਾਈਆਂ ਲਿਖਦਾ ਹੈ। ਕਿਉਂ ਲਿਖਦਾ ਹੈ? ਇਸ ਬਾਰੇ ਕਹਿੰਦਾ ਹੈ–*

*ਕਿਉਂ ਲਿਖਾਂ, ਕਾਹਤੋਂ ਲਿਖਾਂ ਰਹਿਣ ਦਿਉ ਰਾਜ਼ ਇਕ।*
*ਗ਼ਮ ਬਣੇ ਗੀਤ ਜਦੋਂ ਟੁੱਟੀ ਸੀ ਲਿਹਾਜ ਇਕ।*
*ਵਿਹੜੇ ਵੜੇ ਗ਼ਮ, ਹੂਕਾਂ ਦਿਲ ਵਿਚੋਂ ਉੱਠੀਆਂ,*
*ਬਣ ਗਿਆ ਗੀਤ, ਦਿਲੋਂ ਨਿਕਲੀ ਆਵਾਜ਼ ਇਕ।*

*ਸਭ ਨਾਲੋਂ ਗੂੜ੍ਹਾ,*
*ਮੇਰਾ ਗੀਤਾਂ ਨਾਲ ਸਾਕ ਏ।*
*ਗੀਤ ਮੈਨੂੰ ਇੰਝ ਜਿਵੇਂ,*
*ਮਾਂ ਨੂੰ ਜੁਆਕ ਏ।*
*ਗੀਤਾਂ ਨਾਲ ਦੁੱਖ ਸੁਖ,*
*ਬਹਿ ਕੇ ਕਰ ਲਈਦਾ,*
*ਲਿਖਣਾਂ ਤਾਂ ਹੁਣ,*
*ਮੇਰੀ ਰੂਹ ਦੀ ਖ਼ੁਰਾਕ ਏ।*
*ਨਿਰਮਲ ਨਿੰਮਾ*



ਇਹਨਾਂ ਤਲੀਆਂ ਤੋਂ ਚੁਗ ਕੇ ਚੋਗ ਕੋਈ
ਪਾ ਗਿਆ ਦਿਲ ਦੇ ਵਿਹੜੇ ਸੋਗ ਕੋਈ
ਉਸੇ ਦਿਨ ਤੋਂ ਮੈਂ ਹੰਝੂ ਪੀ ਪੀ ਹਾਰੀ
ਦੁੱਖਾਂ ਨੇ ਬਨੇਰੇ ਮੱਲ ਲਏ
ਹਾਸੇ ਕੂੰਜ ਵਾਂਗੂ ਮਾਰ ਗਏ ਉਡਾਰੀ

ਨੈਣਾਂ ਵਿਚ ਗ਼ਮਾਂ ਭਰੇ
ਨੀਰ ਦੀਆਂ ਛੱਲਾਂ ਨੇ
ਬੁੱਲ੍ਹਾਂ ਤੇ ਵੀ ਹਿਜਰ
ਉਦਾਸੀ ਦੀਆਂ ਗੱਲਾਂ ਨੇ
ਗੀਝ ਹਰ ਇਕ ਉਜੜੀ ਕੁਆਰੀ
ਦੁੱਖਾਂ ਨੇ ਬਨੇਰੇ ਮੱਲ ਲਏ

ਚੱਲੀ ਸਾਂ ਮੈਂ ਜ਼ਿੰਦਗੀ ਲਈ
ਖ਼ੁਸ਼ੀਆਂ ਨੂੰ ਲੈਣ ਵੇ
ਪਤਾ ਕੀ ਸੀ ਹਾਸਿਆਂ ਵੀ
ਬਣ ਜਾਣਾ ਵੈਣ ਵੇ
ਰਾਤ ਇਕ ਇਕ ਨੈਣ ’ਚ ਗੁਜ਼ਾਰੀ
ਦੁੱਖਾਂ ਨੇ ਬਨੇਰੇ ਮੱਲ ਲਏ

ਹਰ ਖ਼ੁਸ਼ੀ ਲੰਘੀ ਕੋਲੋਂ
ਨਜ਼ਰਾਂ ਚੁਰਾ ਵੇ
ਆਪਣਿਆਂ ਵਾਂਗ ਗ਼ਮ ਮਿਲੇ
ਗੱਲ ਲਾ ਵੇ
ਭਾਵੇਂ ਜਾਣ ਲੱਗੇ ਪੀੜਾਂ ਦੇ ਗਏ ਭਾਰੀ

‘ਡੱਲੇ ਪਿੰਡ’ ਕੂੰਜ ਤੇਰੀ ਰਹੀ
ਕੁਰਲਾ ਵੇ
‘ਨਿੰਮਿਆ’ ਨਿਮਾਣੀ ਨੂੰ ਤੂੰ
ਆ ਕੇ ਸੀਨੇ ਲਾ ਵੇ
ਵੇ ਮੈਂ ਹੋ ਚੱਲੀ ਰੱਬ ਨੂੰ ਪਿਆਰੀ
ਦੁੱਖਾਂ ਨੇ ਬਨੇਰੇ ਮੱਲ ਲਏ

ਕੀਤੇ ਕੌਲ ਤੇ ਕਰਾਰ ਉਹ ਭੁੱਲ ਗਏ ਨੇ ਸਾਰੇ
ਕਦੇ ਉਡਦੇ ਸੀ ਜਿਹੜੇ ਸਾਡੇ ਪਰਾਂ ਦੇ ਸਹਾਰੇ
ਉਹ ਰੇਸ਼ਮੀਂ ਰੁਮਾਲ ਜਿਹੇ ਪਤਾ ਨਹੀਂ
ਕਾਹਤੋਂ ਪਾਟੀ ਲੀਰ ਬਣ ਗਏ
ਜਿਹੜੇ ਲੋਹੇ ’ਤੇ ਲਕੀਰ ਕਦੇ ਹੁੰਦੇ ਸੀ
ਹੁਣ ਪਾਣੀ ’ਤੇ ਲਕੀਰ ਬਣ ਗਏ

ਰੰਗ ਕਪੜੇ ਦਾ ਬਦਲੇ ਲਲਾਰੀ ਜਿਵੇਂ
ਇੰਝ ਉਹ ਵਟਾ ਗਏ ਰੰਗ ਨੂੰ
ਦੁੱਧ ਚੂਲੀਆਂ ’ਚ ਪੀ ਕੇ ਦੁੱਧ ਮੁੱਕਿਆਂ ਤੋਂ
ਹੱਥਾਂ ’ਤੇ ਚਲਾ ਗਏ ਡੰਗ ਨੂੰ
ਗਲ਼ ਘੁੱਟ ਕੇ ਉਹ ਸਾਡੇ ਸੱਚੇ ਪਿਆਰ ਦਾ
ਤੇ ਗ਼ੈਰਾਂ ਦੀ ਜ਼ੰਜੀਰ ਬਣ ਗਏ

ਮੁੱਖ ਦੇਖ ਉਹਨਾਂ ਦਾ ਨਹੀਂ ਸੀ ਲਗਦਾ
ਕਿ ਇੰਝ ਵੀ ਉਹ ਕਰ ਜਾਣਗੇ
ਕੱਚੀ ਪਿਆਰ ਦੀ ਫਸਲ ਉੱਤੇ ਸੋਚਿਆ ਨਾ
ਗੜੇ ਬਣ ਵਰ੍ਹ ਜਾਣਗੇ
ਸਾਡੇ ਲਈ ਤਾਂ ਉਹ ਜ਼ਹਿਰ ਜਿਹੇ ਬਣ ਗਏ
ਤੇ ਗ਼ੈਰਾਂ ਲਈ ਉਹ ਖੀਰ ਬਣ ਗਏ

ਕੌੜੇ ਨਿੰਮ ਤੋਂ ਵੀ ਅੱਜ ਕਿਵੇਂ ਹੋ ਗਏ
ਜੋ ਖੰਡ ਦੇ ਪਤਾਸੇ ਹੁੰਦੇ ਸੀ
ਅੱਜ ਖ਼ੂਨ ਦੇ ਪਿਆਸੇ ਕਿਵੇਂ ਹੋ ਗਏ
ਜੋ ਦੀਦ ਦੇ ਪਿਆਸੇ ਹੁੰਦੇ ਸੀ
ਸਾਨੂੰ ਗਲੀਆਂ ਦੇ ਕੱਖਾਂ ਵਾਂਗੂੰ ਰੋਲ ਕੇ
ਤੇ ਖ਼ੁਦ ਉਹ ਵਜ਼ੀਰ ਬਣ ਗਏ

‘ਨਿੰਮਾਂ’ ਚੁੰਮ ਚੁੰਮ ਜਿਹਨਾਂ ਦੀਆਂ ਫੋਟੋਆਂ ਨੂੰ
ਸੀਨੇ ਲਾ ਲਾ ਨਹੀਂ ਸੀ ਥਕਦਾ
ਰਸ ਲਗਦੀ ਸੀ ਸਜਰੇ ਗੁਲਾਬ ਦਾ
ਤੇ ਨਿਕਲੀ ਉਹ ਦੁੱਧ ਅੱਕ ਦਾ
‘ਡੱਲੇ ਪਿੰਡ’ ਦਿਨ ਸਾਡੇ ਨਾ ਗੁਜ਼ਾਰ ਕੇ
ਕਿਸੇ ਦੀ ਤਕਦੀਰ ਬਣ ਗਏ



ਬਾਲ ਦੀਵੇ ਮੈਂ ਬਨੇਰੇ
ਉੱਤੇ ਰੱਖਦੀ ਰਹੀ
ਚੁੱਕ ਅੱਡੀਆਂ ਵੇ ਰਾਹ
ਤੇਰੇ ਤਕਦੀ ਰਹੀ
ਤੂੰ ਨਾ ਬਹੁੜਿਆ ਵੇ
ਤਲੀਆਂ ਨੂੰ ਚੀਰਦੀ
ਉਡੀਕਾਂ ਵਾਲੀ ਡੋਰ ਲੰਘ ਗਈ
ਆ ਲੈ ਤੇਰਿਆਂ ਵੇ ਲਾਰਿਆਂ ’ਚ ਸੋਹਣਿਆਂ
ਦੀਵਾਲੀ ਇਕ ਹੋਰ ਲੰਘ ਗਈ

ਸਾਰੇ ਘਰ ਵਿਚ ਦੀਪਮਾਲਾ ਕੀਤੀ
ਤੇ ਨਾਲੇ ਲਾਈਆਂ ਮੋਮਬੱਤੀਆਂ
ਚਾਅ ਸਭ ਨੂੰ ਵਿਆਹ ਵਾਂਗੂੰ ਚੜ੍ਹਿਆ
ਕੋਈ ਵਿਹੜੇ ’ਚ ਚਲਾਵੇ ਚੱਕੀਆਂ
ਤੇਰੇ ਬਿਨ ਵੇ
ਦੀਵਾਲੀ ਇਹੇ ਪੰਜਵੀਂ
ਵੀ ਮੈਨੂੰ ਨਾਗ ਵਾਂਗੂੰ ਡੰਗ ਗਈ

ਕੋਈ ਖਾਵੇ ਮਠਿਆਈ
ਵੇਖ ਸੋਹਣਿਆਂ ਕੋਈ ਖਾਂਦਾ ਏ ’ਖਰੋਟ ਭੰਨ ਕੇ
ਖੜ੍ਹ ਦਰਾਂ ਵਿਚ ਮੈਂ ਤਾਂ ਹੰਝੂ ਕੇਰਦੀ
ਵੇ ਗ਼ਮਾਂ ਦੇ ਕਲੀਰੇ ਬੰਨ੍ਹ ਕੇ
ਖ਼ੁਸ਼ੀ ਹਰ ਇਕ
ਮੇਰੇ ਕੋਲੋਂ ਸੋਹਣਿਆਂ ਵੇ
ਕਿਸੇ ਚੋਰ ਵਾਂਗ ਲੰਘ ਗਈ

ਆਉਣ ਵਾਲੀ ਜੇ ਦੀਵਾਲੀ ਤੋਂ ਤੂੰ ਪਹਿਲਾਂ
ਨਾ ‘ਡੱਲੇ ਪਿੰਡ’ ਆਇਆ ‘ਨਿੰਮਿਆ’
ਮੈਂ ਮੁੜ ਕੇ ਨਾ ਤੇਰੇ ਨਾਲ ਬੋਲਣਾ
ਜੇ ਹੋਰ ਤੜਫਾਇਆ ‘ਨਿੰਮਿਆ’
ਫਿਰ ਆਖੀਂ ਨਾ
ਤੂੰ ਹੱਥਾਂ ’ਚ ਸੱਧਰਾਂ
ਪਤਾਸੇ ਵਾਂਗੂ ਭੋਰ ਲੰਘ ਗਈ

ਭੁਲਦਾ ਨਾ ਉਹ ਪਿੰਡ ਪਿਆਰਾ
ਗੁਜ਼ਰਿਆ ਜਿਥੇ ਬਚਪਨ ਸਾਰਾ
ਉਹ ਥਾਂ ਨੂੰ ਮਿਲਣ ਨੂੰ ਜੀ ਕਰਦਾ
ਮੇਰਾ ਮਾਂ ਨੂੰ ਮਿਲਣ ਨੂੰ ਜੀ ਕਰਦਾ

ਮਾਂ ਮਮਤਾ ਦਾ ਰੁੱਖ ਨਿਆਰਾ
ਮਾਂ ਦੀ ਗੋਦ ਦਾ ਸੁੱਖ ਨਿਆਰਾ
ਉਹ ਛਾਂ ਨੂੰ ਮਿਲਣ ਨੂੰ ਜੀ ਕਰਦਾ

ਨਾ ਪਵੇ ਵਿਛੋੜਾ ਮਾਂ ਤੇ ਪੁੱਤ ਦਾ
ਮਾਂ ਤਾਂ ਮਿੱਠਾ ਮੇਵਾ ਰੁੱਤ ਦਾ
ਰੱਬ ਨਾਂ ਨੂੰ ਮਿਲਣ ਨੂੰ ਜੀ ਕਰਦਾ

ਸਾਲ ਵੀ ਪੂਰੇ ਛੇ ਹੋ ਚੱਲੇ
'ਨਿੰਮਾ' ਏਥੇ, ਮਾਂ 'ਪਿੰਡ ਡੱਲੇ'
ਉਸ ਗਰਾਂ ਨੂੰ ਮਿਲਣ ਨੂੰ ਜੀ ਕਰਦਾ।



ਆਹ ਲੈ ਚੱਲਿਆ ਸਮੁੰਦਰਾਂ ਤੋਂ ਪਾਰ ਅੰਮੀਏ
ਮੈਨੂੰ ਰੱਜ ਰੱਜ ਕਰ ਲੈ ਪਿਆਰ ਅੰਮੀਏ
ਮੇਰਾ ਪੰਜ ਸਾਲ ਕਰਿਉ ਨਾ ਇੰਤਜ਼ਾਰ ਨੀ
ਉਦੋਂ ਹੀ ਮੁੜਾਂਗਾ ਜਦੋਂ ਕੋਠੀ ਵਿਚ
ਖੜ੍ਹੀ ਹੋਊ ਮਾਰੂਤੀ ਕਾਰ ਨੀ

ਪਹਿਲਾਂ ਮੈਂ ਛਡਾਉਣੀ
ਗਹਿਣੇ ਕੀਤੀ ਜੋ ਜ਼ਮੀਨ ਮਾਂ
ਚੱਕ ਦਊਂ ਗ਼ਰੀਬੀ
ਮੇਰਾ ਕਰੀਂ ਤੂੰ ਯਕੀਨ ਮਾਂ
ਸੱਚ ਆਖਦਾ ਰਿਹਾ ਨਾ ਮੈਂ ਝੂਠ ਮਾਰ ਨੀ

ਬਾਪੂ ਦੀਆਂ ਸਭ
ਜ਼ਿੰਮੇਵਾਰੀਆਂ ਉਠਾਵਾਂਗਾ
ਨਾਲੇ ਛੋਟੀ ਭੈਣ ਨੀ
ਮੈਂ ਡੋਲੀ 'ਚ ਬਿਠਾਵਾਂਗਾ
ਗਲ਼ ਪਾ ਕੇ ਦਸ ਤੋਲਿਆਂ ਦਾ ਹਾਰ ਨੀ

ਚੁਬਾਰਾ ਤਿੰਨ ਮਜ਼ਿੰਲਾ
ਮੈਂ ਪਾਉਣਾ ਬਾਹਰ ਪਿੰਡ ਦੇ
ਜਿਹੋ ਜਿਹਾ ਪਾਉਂਦੇ ਨੇ
ਮਾਂ ਸੂਬੇਦਾਰ ਪਿੰਡ ਦੇ
ਦਿੱਸੇਗਾ ਜੋ ਪਿੰਡ 'ਚ ਵਡਨਸਾਰ ਨੀ

ਪੰਜਾਂ ਸਾਲਾਂ ਬਾਅਦ
ਜਦੋਂ 'ਡੱਲੇ ਪਿੰਡ' ਆਵਾਂਗਾ
ਸਾਰਿਆਂ ਤੋਂ ਪਹਿਲਾਂ
ਤੇਰੇ ਪੈਰੀਂ ਹੱਥ ਲਾਵਾਂਗਾ
ਹੁਣ ਹੱਸ ਹੱਸ ਤੋਰ ਮਾਏਂ ਦੇ ਕੇ ਪਿਆਰ ਨੀ

ਰਹਿਣੀ ਬਹਿਣੀ ਪਿੰਡਾਂ ਦੀ ਨਿਆਰੀ ਮਿੱਤਰੋ
ਰੱਬ ਦੀ ਸਹੁੰ ਰੱਬ ਤੋਂ ਪਿਆਰੀ ਮਿੱਤਰੋ
ਖੇਡ ਨਾ ਭੁੱਲਦੀ ਹੱਥਾਂ ਨਾਲ
ਬਣਾਈਆਂ ਫਿੰਡਾਂ ਦੀ
ਮੇਲਿਆਂ ਨਾਲੋਂ ਘੱਟ ਨਾ
ਯਾਰੋ ਰੌਣਕ ਪਿੰਡਾਂ ਦੀ

ਕੋਈ ਪਾਥੀਆਂ ਪੱਥੇ ਬੰਨ੍ਹਦਾ
ਕੋਈ ਗੁਹਾੜੀ ਨੂੰ
ਝਿੰਗਾਂ ਟੁੱਕਣ ਜਾਵੇ ਕੋਈ
ਮੋਢੇ ਰੱਖ ਕੁਹਾੜੀ ਨੂੰ
ਕਿਧਰੇ ਪੈਂਦੀ ਛਣਕ ਬੇਲੀਓ
ਖੂਹ ਦੀਆਂ ਟਿੰਡਾਂ ਦੀ


ਦਾਤੀ ਲੈ ਕੋਈ ਤੁਰਿਆ ਜਾਵੇ
ਪੱਠੇ ਵੱਢਣ ਨੂੰ
ਪੱਲੀ ਚੁੱਕ ਕੋਈ ਚੱਲਿਆ
ਕੁੱਪ ਚੋਂ ਤੂੜੀ ਕੱਢਣ ਨੂੰ
ਵਿਆਹ ਤੋਂ ਵਧ ਹੋਏ ਖ਼ੁਸ਼ੀ
ਟੂਰਨਾਮੈਂਟ ਤੇ ਛਿੰਝਾਂ ਦੀ

ਸੜਕ ਕਿਨਾਰੇ ਦਿੱਬ ਦੀਆਂ
ਕੋਈ ਬੇੜਾਂ ਵੱਟਦਾ ਏ
ਪੱਖਾ ਲਾ ਕੋਈ ਘੁੰਡੀਆਂ ਵਿਚੋਂ
ਕਣਕ ਨੂੰ ਛਟਦਾ ਏ
ਕਿਧਰੇ ਬੱਚੇ ਭੱਜਦੇ
ਖੱਖਰ ਛੇੜ ਭਰਿੰਡਾਂ ਦੀ।

ਪਾਵੇ ਮਾਤ ਸਵਰਗਾਂ ਨੂੰ
'ਪਿੰਡ ਡੱਲਾ ਨਿੰਮੇ' ਦਾ
ਤਰਸ ਗਿਆ ਪਿੰਡ ਵੇਖਣ ਨੂੰ
ਦਿਲ ਝੱਲਾ ਨਿੰਮੇ ਦਾ
ਕਦੋਂ ਜਾਏਗੀ ਪੁੱਟੀ ਜੜ੍ਹ
ਜੁਦਾਈ ਰਿੰਡਾਂ ਦੀ



# ਜਿੰਦਰ ਰਾਏਪੁਰੀ




ਪਿਤਾ: ਸ. ਬਲਕਾਰ ਸਿੰਘ
ਮਾਤਾ: ਸ੍ਰੀਮਤੀ ਪਰਮਜੀਤ ਕੌਰ
ਜਨਮ ਸਥਾਨ: ਰਾਏਪੁਰ ਪੀਰ ਬਖ਼ਸ਼ਾਂਵਾਲਾ
ਜਨਮ ਤਰੀਕ: 13 ਮਾਰਚ 1976
ਮੁਢਲੀ ਵਿਦਿਆ: ਗੌਰਮਿੰਟ ਹਾਈ ਸਕੂਲ, ਰਾਏਪੁਰ ਪੀਰ ਬਖ਼ਸ਼ਾਂ ਵਾਲਾ
ਸਿਰਨਾਵਾਂ: 139-30, 86Rd. Jamaica,
NY-11435
ਫੋਨ ਨੰਬਰ: (917) 328-3044

ਬਾਪੂ ਕਿਹੜੀ ਗੱਲੋਂ ਹੁਣ ਫਿਰੇਂ ਝੂਰਦਾ
ਘੱਲ ਕੇ ਬਿਗਾਨੇ ਦੇਸ਼ ਨੂੰ।
ਤੇਰਾ ਪੁੱਤ ਪਰਦੇਸੀ ਹੋਇਆ ਦੂਰ ਦਾ
ਘੱਲ ਕੇ ਬਿਗਾਨੇ ਦੇਸ਼ ਨੂੰ।

ਬੁੱਢੇ ਬਾਰੇ ਛਾਂ ਬਾਪੂ
ਪੁੱਤਰਾਂ ਦੀ ਮਾਣਦਾ।
ਚੰਗੀ ਤਰ੍ਹਾਂ ਬਾਪੂ ਮੈਨੂੰ
ਕਿਉਂ ਨਹੀਂ ਸਿਆਣਦਾ।
ਉਹੀ ਪੁੱਤ ਹਾਂ,
ਜਿਨੂੰ ਰਿਹਾਂ ਘੂਰਦਾ।

ਮੁਲਕ ਬਿਗਾਨੇ ਪੈ ਗਈ
ਕਰਨੀ ਕਮਾਈ ਵੇ।
ਵੱਢ ਵੱਢ ਖਾ ਗਈ ਮੈਨੂੰ
ਚੰਦਰੀ ਜੁਦਾਈ ਵੇ।
ਕਿਵੇਂ ਮਿਲਾਂ ਛੇਤੀਂ,
ਪੰਧ ਬੜਾ ਦੂਰ ਦਾ।

ਤੇਰੀ ਜ਼ਿੰਮੇਵਾਰੀ ਦਾ ਖ਼ਿਆਲ
ਬੜਾ ਆਉਂਦਾ ਏ।
ਵੇਖ ਤੇਰਾ ਹਾਲ,
ਮੇਰਾ ਮਨ ਕੁਰਲਾਉਂਦਾ ਏ।
ਪੱਖ ਸਕਿਆਂ ਬਗ਼ੈਰ,
ਕੌਣ ਪੂਰਦਾ।

ਜਿੰਦਰ ਨਾ ਪਿਛੇ ਲੱਗ ਜਾਇਓ
ਤੁਸੀਂ ਲੋਭਦੇ।
'ਰਾਏਪੁਰੀ' ਬੱਚਿਆਂ ਨਾ,
ਮਾਂ ਬਾਪ ਸੋਭਦੇ।
ਭਾਵੇਂ ਸਾਥ ਹੋਵੇ,
ਸੋਹਣੀ ਜਿਹੀ ਹੂਰ ਦਾ।

ਤੇਰੇ ਵਸਦੇ ਰਹਿਣ ਚੁਬਾਰੇ
ਜੁੱਗ ਜੁੱਗ ਜੀ ਸੱਜਣਾ।
ਪੀਤੇ ਅਸਾਂ ਨੇ ਗ਼ਮਾਂ ਦੇ ਹੰਝੂ ਖਾਰੇ,
ਜੁੱਗ ਜੁੱਗ ਜੀ ਸੱਜਣਾ।

ਭਾਵੇਂ ਸਾਡਾ ਫ਼ੱਕਰਾਂ ਦਾ ਦਿਲ ਹੀ ਏ ਤੋੜਿਆ।
ਗ਼ੈਰਾਂ ਪਿੱਛੇ ਲੱਗ, ਮੁੱਖ ਸਾਡੇ ਵੱਲੋਂ ਮੋੜਿਆ।
ਅਸੀਂ ਛੱਡ ਦਿੱਤੇ ਤਖ਼ਤ ਹਜ਼ਾਰੇ।

ਇਸ਼ਕੇ ਦੀ ਮਾਣਦੇ ਸਾਂ ਸੱਜਰੀ ਬਹਾਰ ਵੇ।
ਕਿਹੜੀ ਗੱਲੋਂ ਭੁੱਲੇ ਫਿਰ ਕੌਲ ਤੇ ਕਰਾਰ ਵੇ।
ਪਾਏ ਦਿਲ ਉੱਤੇ ਫੱਟ ਤੂੰ ਕਰਾਰੇ।

ਤੋੜ ਕੇ ਯਰਾਨੇ ਜਿਹੜੇ ਦੁੱਖ ਸੁਖ ਵੰਡੇ ਵੇ।
ਤੇਰੇ ਹਿੱਸੇ ਫੁੱਲ ਆਏ, ਸਾਡੇ ਹਿੱਸੇ ਕੰਡੇ ਵੇ।
ਜੀਂਦਾ 'ਜਿੰਦਰ' ਸਾਹ ਲੈ ਕੇ ਉਧਾਰੇ।